ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com


ਜਿਲਦ-24 ਨੰਬਰ-28

14 ਤੋਂ 20 ਅੱਸੂ 2073 - 29 September to 5 October 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201


## ਸਿੱਖੀ ਨੂੰ ਹਰੀ ਰੱਖੇਗਾ



ਇਸ ਨੂੰ ਸਿਰ ਕਰਤਾ ਜਾਨਣਾ । ਅੱਜ ਤੋਂ ਇਸ ਦਾ ਨਾਮ ਹਰੀ ਸਿੰਘ ਹੈ । ਇਹ ਸਾਧ-ਸੰਗਤ ਨੂੰ ਹਰੀ ਰਖੇਗਾ, ਸਿੱਖੀ ਨੂੰ- ਸਾਡੇ ਪਿੱਛੋਂ । ਮੇਰੇ ਧੱਕੇ ਨੂੰ ਇਹ ਬਖ਼ਸ਼ ਦੇਵੇਗਾ, ਇਹਦੇ ਧੱਕੇ ਨੂੰ ਮੈਂ ਨਹੀ ਬਖ਼ਸ਼ਾਂਗਾ ।



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਕਨੇਡਾ ਵਿਖੇ ਮਾਨਵਤਾ ਦੇ ਕਲਿਆਣ ਹਿਤ ਪ੍ਰਵਚਨ ਕਰਨ ਦੀ ਕਿਰਪਾ ਕੀਤੀ ।



ਵਿਰਾਸਤ ਫਾਊਡੇਸ਼ਨ ਵਲੋਂ ਕਰਵਾਏ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੇ ਆਰੰਭ ਸਮੇਂ ਦੀਪ ਪ੍ਰਜਵਲਿਤ ਕਰਦੇ ਸ੍ਰੀ ਸਤਿਗੁਰੂ ਊਦੈ ਸਿੰਘ ਜੀ ਨਾਲ ਸੂਬਾ ਬਲਬੀਰ ਸਿੰਘ (ਵੈਨਕੂਵਰ) ਅਤੇ ਮੁਖ ਪਤਵੰਤੇ ਸੱਜਣ ।



ਸ੍ਰੀ ਸਤਿਗੁਰੂ ਜੀ ਨੂੰ ਵਿਰਾਸਤ ਫਾਊਡੇਸ਼ਨ ਵਲੋਂ ਤਿਆਰ 'ਸਤਿਗੁਰੂ ਜਗਜੀਤ ਸਿੰਘ ਨੂੰ ਸਮਰਪਿਤ ਸੋਵੀਨਰ' ਭੇਟ ਕਰਦੇ ਵਿਰਾਸਤ ਫਾਊਡੇਂਸ਼ਨ ਦੇ ਪ੍ਰਧਾਨ ਸ੍ਰੀ ਜਸਪਾਲ ਸਿੰਘ ਰੰਧਾਵਾ, ਸ੍ਰੀ ਕਮਲਜੀਤ ਸਿੰਘ ਖੰਘੂਰਾ, ਸ੍ਰੀ ਭੁਪਿੰਦਰ ਮੱਲ੍ਹੀ ਜੀ, ਸ੍ਰੀ ਰਣਜੀਤ ਸਿੰਘ ਕਲਸੀ ਆਦਿ ।

## ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ
## 30-31 ਜੁਲਾਈ 2016 ਬਰਨਬੀ (ਵੈਨਕੂਵਰ) ਕਨੇਡਾ

ਹਰਪਾਲ ਸਿੰਘ ਸੇਵਕ

ਵਿਰਾਸਤ ਫਾਊਂਡੇਸ਼ਨ ਵਲੋਂ ਨਾਮਧਾਰੀ ਸੰਗਤ (ਵੈਨਕੁਵਰ) ਦੇ ਸਹਿਯੋਗ ਨਾਲ - ਸਤਿਗੁਰੂ ਜਗਜੀਤ ਸਿੰਘ ਸਿਮਰਤੀ ਸੰਗੀਤ ਸੰਮੇਲਨ 30-31 ਜੁਲਾਈ 2016 ਦਿਨ ਸ਼ਨੀਵਾਰ - ਐਤਵਾਰ ਨੂੰ ਮਾਈਕਲ ਜੇ ਫੋਕਸ ਥਿਏਟਰ - ਬਰਨਬੀ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛਤਰ ਛਾਇਆ ਹੇਠ ਕਰਵਾਇਆ ਗਿਆ। ਭਾਰਤੀ ਸਾਸ਼ਤਰੀ ਸੰਗੀਤ ਦੇ ਨਾਮਵਰ ਕਲਾਕਾਰਾਂ ਦੀ ਵਿਲਖਣ ਪੇਸ਼ਕਾਰੀ ਸਮੇਂ ਦੀਆਂ ਪੈੜਾਂ ਤੇ ਅਮਿੱਟ ਛਾਪ ਛੱਡ ਗਈ। ਇਸ ਸੰਗੀਤ ਪ੍ਰੋਗਰਾਮ ਦੀ ਵਿੱਲਖਣਤਾ ਸੀ ਕਿ ਇਹ ਪ੍ਰੋਗਰਾਮ ਸਿਰਮੌਰ ਰੂਹਾਨੀ ਸ਼ਖਸ਼ੀਅਤ, ਸੰਗੀਤ ਦੇ ਸਾਗਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਯਾਦ ਨੂੰ ਸਮਰਪਿਤ ਸੀ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਉਸਤਾਦ ਕਲਾਕਾਰਾਂ ਨੇ ਬੜੇ ਭਗਤੀ ਭਾਵ ਨਾਲ ਗਾਇਆ ਵਜਾਇਆ।

(ਬਾਕੀ ਸਫਾ 2 'ਤੇ)

## ਸਰੀ ਕਨੇਡਾ ਵਿਖੇ ਸਲਾਨਾ ਜਪ ਪ੍ਰਯੋਗ ਆਰੰਭ

**11 ਸਤੰਬਰ 2016 ਐਤਵਾਰ-** ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਸਰੀ ਸ਼ਹਿਰ ਵਿਚ ਨਾਮਧਾਰੀ ਗੁਰਦੁਆਰਾ ਵਿਖੇ ਅੰਮ੍ਰਿਤ ਵੇਲੇ 5 ਵਜੇ ਨਾਮ ਸਿਮਰਨ ਜਪ ਪ੍ਰਯੋਗ ਦੀ ਆਰੰਭਤਾ ਦੀ ਅਰਦਾਸ ਕੀਤੀ ਗਈ। ਬੇਸ਼ਿਕ ਸਰੀ ਦੇ ਨਜ਼ਦੀਕ ਐਬਸਟਫੋਰਡ ਵੈਨਕੂਵਰ ਵਿਚ ਵੀ ਨਾਮਧਾਰੀ ਸਿੱਖ ਰਹਿੰਦੇ ਹਨ ਪਰ ਜ਼ਿਆਦਾ ਸੰਗਤ ਇਥੇ ਸਰੀ ਏਰੀਏ ਵਿਚ ਹੀ ਹੈ।

ਏਥੋਂ ਦੀ ਪ੍ਰਬੰਧਕ ਕਮੇਟੀ ਦੇ ਫੈਸਲੇ ਅਨੁਸਾਰ ਸੂਬਾ ਬਲਬੀਰ ਸਿੰਘ ਨੇ ਕੱਲ੍ਹ ਹੀ ਨਿਤਨੇਮ ਉਪਰੰਤ ਐਤਵਾਰ ਸਵੇਰੇ ਜਪ ਪ੍ਰਯੋਗ ਆਰੰਭ ਕਰਨ ਬਾਰੇ ਸੰਗਤ ਨੂੰ ਸੂਚਿਤ ਕਰ ਦਿੱਤਾ ਸੀ। ਸੂਬਾ ਜੀ ਨੇ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਫੋਨ ਦੁਆਰਾ ਅਰਜ਼ ਹੋਈ ਹੈ - ਸਤਿਗੁਰੂ ਜੀ ਹੁਕਮ ਕੀਤਾ ਹੈ ਕਿ ਸਾਰੀ ਸੰਗਤ ਤਗੜੇ ਹੋ ਕੇ ਨਾਮ ਸਿਮਰਨ ਵਿਚ ਸ਼ਾਮਿਲ ਹੋਵੇ। ਕਲ ਰਾਤ ਹੀ ਗੁਰ ਮਰਯਾਦਾ ਅਨੁਸਾਰ ਅੰਮ੍ਰਿਤ ਤਿਆਰ ਕੀਤਾ ਗਿਆ। ਅੰਮ੍ਰਿਤ ਤਿਆਰ ਕਰਨ ਦੀ ਸੇਵਾ ਸੂਬਾ ਜੀ, ਅਨੰਤ ਸਿੰਘ, ਗੁਰਸੇਵਕ ਸਿੰਘ, ਗੁਰਨਾਮ ਸਿੰਘ ਅਤੇ ਸੇਵਕ ਹਰਪਾਲ ਸਿੰਘ ਨੇ ਕੀਤੀ।

(ਬਾਕੀ ਸਫਾ 7 'ਤੇ)

## ਸ੍ਰੀ ਭੈਣੀ ਸਾਹਿਬ ਤੋਂ ਜਪ ਪ੍ਰਯੋਗ ਲਾਈਵ ਟੈਲੀਕਾਸਟ ਦਾ ਸਮਾਂ

### ਇੰਟਰਨੈਟ ਅਤੇ ਕੇਬਲ ਨੇਟਵਰਕ

ਕੇਬਲ ਨੇਟਵਰਕ ਫਾਸਟਵੇਂ : 551 (ਪੰਜਾਬ ਅਤੇ ਹਰਿਆਣਾ)

ਸਮਾਂ : 2:00 AM to 3:30 PM

### ਦਿਸ਼ਾ ਟੀ. ਵੀ. ਤੇ ਪ੍ਰਸਾਰਣ ਦਾ ਸਮਾਂ

16 ਸਤੰਬਰ ਤੋਂ 15 ਅਕਤੂਬਰ 2016

ਆਸਾ ਦੀ ਵਾਰ - 4:15 ਤੋਂ 5:57 (ਅੰਮ੍ਰਿਤ ਵੇਲੇ)

16 ਅਕਤੂਬਰ 2016 ਨੂੰ 4:15 ਤੋਂ 8:00 ਵਜੇ ਤੱਕ

ਇਹਨਾਂ ਚੈਨਲਾ ਤੇ ਪ੍ਰਸਾਰਿਤ ਕੀਤੇ ਜਾਣਗੇ ਵੇਰਵਾ:-

| | | |
|---|---|---|
| TATA SKY | : | 1058 |
| AIRTEL | : | 689 |
| DISH TV | : | 757 |
| DD DIRECT | : | 64 |
| FASTWAY | : | 416 |
| DEN CABLE NETWORK (DELHI) | : | 869 |

WWW.SRIBHAINISAHIB.COM
WWW.YOUTUBE.COM/SRIBHAINISAHIB/LIVE ਅਤੇ
WWW.DISHATV.COM ਤੇ ਵੀ ਪ੍ਰਸਾਰਿਤ ਹੁੰਦਾ ਹੈ ।

# ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ (ਬਾਕੀ ਸਫਾ 1 ਦੀ)

ਦੋਵੇਂ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਸਿੱਖੀਆਂ, ਆਪ ਜੀ ਦੀਆਂ ਰਚੀਆਂ ਬੰਦਿਸ਼ਾਂ ਦਾ ਗਾਇਨ, ਦਿਲਰੁਬਾ, ਸਰੋਦ, ਸਾਰੰਗੀ ਅਤੇ ਬਾਂਸੁਰੀ ਦਾ ਮਧੁਰ ਵਾਦਨ ਅਤੇ ਤਬਲੇ ਦੀ ਸੰਗਤ ਦਾ ਅਨੂਠਾ ਸੰਗਮ, ਰੂਹਾਨੀਅਤ ਅਤੇ ਸੰਗੀਤ ਦਾ ਸੁਮੇਲ ਸੀ।

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਵਿਰਾਸਤ ਫਾਊਂਡੇਸ਼ਨ ਦੇ ਕਾਰਜ ਖੇਤਰ ਭਾਰਤੀ ਸ਼ਾਸਤਰੀ ਸੰਗੀਤ, ਪੰਜਾਬੀ ਭਾਸ਼ਾ, ਸਭਿਆਚਾਰ ਸਾਹਿਤ ਅਤੇ ਵਿਰਸੇ ਦੀ ਸਾਂਭ ਸੰਭਾਲ ਅਤੇ ਪ੍ਰਚਾਰ ਪ੍ਰਸਾਰ ਹੈ। ਸੰਨ 2001 ਤੋਂ ਸੰਨ 2016 ਤੱਕ ਕਰੀਬ 25-30 ਛੋਟੇ ਵੱਡੇ ਪ੍ਰੋਗਰਾਮ ਕਰਵਾਏ ਜਾ ਚੁੱਕੇ ਹਨ। ਛੇ ਯਾਦਗਾਰੀ ਸੋਵੀਨਰ ਪ੍ਰਕਾਸ਼ਿਤ ਕਰਵਾਏ ਗਏ ਹਨ। ਇਸ ਤੋਂ ਬਿਨਾਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਪੰਜਾਬੀ ਕਾਨਫਰੰਸਾਂ, ਖੋਜ ਭਰਪੂਰ ਪੁਸਤਕਾਂ ਅਤੇ ਅਭਿਨੰਦਨ ਗ੍ਰੰਥ ਛਪਵਾਏ ਜਾ ਚੁੱਕੇ ਹਨ। ਵਿਰਾਸਤ ਫਾਊਂਡੇਸ਼ਨ ਵਲੋਂ ਸੰਗੀਤ ਅਤੇ ਸਾਹਿਤ ਦੀਆਂ ਮਹਾਨ ਹਸਤੀਆਂ ਨੂੰ ਸਨਮਾਨਿਤ ਕਰਨਾ, ਸਾਡੇ ਵਿਰਸੇ ਦਾ ਮਾਣ, ਸ਼ਖ਼ਸੀਅਤਾਂ ਦੀ ਯਾਦ ਵਿਚ ਪ੍ਰੋਗਰਾਮ ਕਰਵਾਉਣੇ ਅਤੇ ਨਵੇਂ ਉਭਰਦੇ ਕਲਾਕਾਰਾਂ ਨੂੰ ਉਤਸਾਹਿਤ ਕੀਤਾ ਜਾਂਦਾ ਹੈ। ਵਿਰਾਸਤ ਦੇ ਪ੍ਰਧਾਨ ਸ. ਭੁਪਿੰਦਰ ਸਿੰਘ ਮੱਲ੍ਹੀ ਅਤੇ ਸ. ਜਸਪਾਲ ਸਿੰਘ ਰੰਧਾਵਾ ਇਹ ਦੋਵੇਂ ਸੱਜਣ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਮਾਣਦੇ ਰਹੇ ਹਨ। ਅਕਤੂਬਰ 2015 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਪਾਸ ਅਰਜ਼ ਬੇਨਤੀ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿਮਰਤੀ ਵਿੱਚ ਇਕ ਯਾਦਗਾਰੀ ਸੰਗੀਤ ਸੰਮੇਲਨ ਕਰਵਾਉਣ ਦੀ ਪ੍ਰਵਾਨਗੀ ਲਈ ਅਤੇ ਉਦੋਂ ਤੋਂ ਹੀ ਜੁੱਟ ਗਏ ਇਸ ਪ੍ਰੋਗਰਾਮ ਨੂੰ ਸਫਲ ਕਰਨ ਲਈ। ਦਿਸੰਬਰ 2015 ਵਿੱਚ ਫੇਰ ਸ੍ਰੀ ਭੈਣੀ ਸਾਹਿਬ ਗਏ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਪਾਸ ਬੈਠ ਕੇ ਸੰਗੀਤ ਸੰਮੇਲਨ ਦੀ ਰੂਪ ਰੇਖਾ ਉਲੀਕੀ। ਇਥੇ ਸ੍ਰੀ ਭੈਣੀ ਸਾਹਿਬ ਹੀ 26 ਦਸੰਬਰ ਸ਼ਾਮ ਨੂੰ ਹਰੀ ਮੰਦਰ ਵਿਚ ਇਕ ਸੰਗੀਤ ਬੈਠਕ ਕਰਵਾਈ ਗਈ। ਇਸ ਸੰਗੀਤ ਬੈਠਕ ਦਾ ਆਯੋਜਨ ਵੀ ਸ. ਜਸਪਾਲ ਸਿੰਘ ਰੰਧਾਵਾ ਵਲੋਂ ਕਰਵਾਇਆ ਗਿਆ। ਸ੍ਰੀ ਦਿਲਸ਼ਾਦ ਖਾਂ ਅਤੇ ਸ੍ਰੀ ਸਾਬਰ ਖਾਂ ਦੇ ਸਾਰੰਗੀ ਵਾਦਨ ਨਾਲ ਉਸਤਾਦ ਹਨੀਫ ਖਾਂ ਨੇ ਤਬਲੇ ਤੇ ਸੰਗਤ ਕੀਤੀ। ਪੰਡਤ ਮੰਨੂੰ ਕੁਮਾਰ ਸੀਨ ਨੇ ਸਿਤਾਰਵਾਦਨ ਕੀਤਾ ਨਾਲ ਤਬਲੇ ਤੇ ਸੰਗਤ ਉਸਤਾਦ ਅਕਰਮ ਖਾਂ ਨੇ ਕੀਤੀ।

ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੇ ਸੱਦਾ ਪੱਤਰ ਤੇ ਸ੍ਰੀ ਸਤਿਗੁਰੂ ਜੀ ਦੀ ਤਰਬਵਾਦਨ ਵਾਲੀ ਮਨਮੋਹਨ ਤਸਵੀਰ, ਵਿਰਾਸਤ ਫਾਊਂਡੇਸ਼ਨ ਅਤੇ ਨਾਮਧਾਰੀ ਸੰਗਤ (ਕੈਨੇਡਾ) ਦੇ ਅਰਥ ਭਰਪੂਰ ਲੋਗੋ, ਇਨਸਾਈਡ ਪੇਜਾਂ ਦੇ ਪ੍ਰੋਗਰਾਮ ਪੇਸ਼ ਕਰਨ ਵਾਲੇ ਕਲਾਕਾਰਾਂ ਦੀਆਂ ਤਸਵੀਰਾਂ, ਪ੍ਰੋਗਰਾਮ ਦਾ ਵੇਰਵਾ, ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਾਸਤਰੀ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਅਦੁੱਤੀ ਦੇਣ ਬਾਰੇ ਇਕ ਪੈਰ੍ਹਾ ਸੰਖੇਪ ਪਰ ਅਰਥ ਭਰਪੂਰ ਲਿਖਿਆ ਹੋਇਆ ਹੈ। ਇਸ ਤਰ੍ਹਾਂ ਫੋਲਡ ਸੱਦਾ ਪੱਤਰ ਬਹੁਤ ਆਕਰਸ਼ਕ ਹੈ।

**ਸੰਗੀਤ ਸੰਮੇਲਨ ਦਾ ਪਹਿਲਾ ਦਿਨ 30 ਜੁਲਾਈ ਦਿਨ ਸ਼ਨੀਵਾਰ-**

ਕਰੀਬ ਸ਼ਾਮ 4 ਵਜੇ ਤੋਂ ਹੀ ਮਾਈਕਲ ਜੇ ਫੌਕਸ ਥਿਏਟਰ ਵੱਲ ਸੰਗੀਤ ਪ੍ਰੇਮੀਆਂ ਦੀ ਆਮਦ ਸ਼ੁਰੂ ਹੋ ਗਈ। ਹਾਲ ਦੇ ਪ੍ਰਵੇਸ਼ ਦੁਆਰ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਜ ਵਾਲੀ ਤਸਵੀਰ ਵਾਲਾ ਬੈਨਰ, ਸੁਰੱਖਿਆ ਪ੍ਰਬੰਧ ਲਈ ਨੌਜਵਾਨ ਸਿੰਘ ਅਤੇ ਬੀਬੀਆਂ ਬਹੁਤ ਸੁਚੱਜੇ ਅਤੇ ਅਦਬ ਨਾਲ ਆਪਣੀ ਜ਼ੁੰਮੇਵਾਰੀ ਨਿਭਾ ਰਹੇ ਸਨ। ਬੇਸ਼ਕ ਸੰਗੀਤ ਪ੍ਰੋਗਰਾਮ ਦੇ ਪਾਸ (ਟਿਕਟਾਂ) ਫਰੀ ਸਨ ਪਰ ਆਪਣੇ ਪਾਸ ਵਿਖਾ ਕੇ ਹੀ ਹਾਲ ਅੰਦਰ ਪ੍ਰਵੇਸ਼ ਕੀਤਾ ਜਾ ਸਕਦਾ ਸੀ। ਆਡੋਟੋਰੀਅਮ ਅੰਦਰ ਐਂਟਰੀ ਤੋਂ ਪਹਿਲਾਂ ਖੱਬੇ ਹੱਥ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਦੇ ਵੱਖੋ ਵੱਖ ਪਹਿਲੂਆਂ ਨੂੰ ਦਰਸਾਉਂਦੀ ਇਕ ਸੁੰਦਰ ਚਿੱਤਰ ਪ੍ਰਦਰਸ਼ਨੀ ਡਿਸਪਲੇ ਕੀਤੀ ਗਈ ਸੀ ਜਿਸ ਵਿਚ ਕਰੀਬ ਪੌਣੇ ਦੋ ਸੌ ਤਸਵੀਰਾਂ ਗੈਰ ਨਾਮਧਾਰੀ ਸਰੋਤਿਆਂ ਲਈ ਵਿਸ਼ੇਸ਼ ਆਕਰਸ਼ਨ ਦਾ ਕੇਂਦਰ ਸੀ। ਆਡੋਟੋਰੀਅਮ ਦੇ ਅੰਦਰ 625 ਸੰਗੀਤ ਪ੍ਰੇਮੀਆਂ ਦੇ ਬੈਠਣ ਲਈ ਚੇਅਰਜ਼ ਸਨ। ਮੰਚ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਰਬਵਾਦਨ ਵਾਲੀ ਸੁੰਦਰ ਫੋਟੋ ਵਾਲਾ ਡਿਜ਼ਿਟਲ ਬੈਕ ਡਰਾਪ ਡਿਸਪਲੇ ਸੀ - ਵਿਚਕਾਰ ਕਲਾਕਾਰਾਂ ਦੇ ਪ੍ਰੋਗਰਾਮ ਪੇਸ਼ ਕਰਨ ਲਈ ਸੁੰਦਰ ਫੁੱਲਾਂ ਨਾਲ ਸਜਿਆ ਤਖਤਪੋਸ਼, ਖੱਬੇ ਪਾਸੇ ਸ੍ਰੀ ਸਤਿਗੁਰੂ ਜੀ ਦੇ ਬਿਰਾਜਮਾਨ ਹੋਣ ਲਈ ਸਿੰਘਾਸਨ ਅਤੇ ਸੱਜੇ ਪਾਸੇ ਸੁੰਦਰ ਸਜੇ ਟੇਬਲ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁੰਦਰ ਤਸਵੀਰ, ਸਾਰਾ ਪ੍ਰਬੰਧ ਬੜਾ ਕਲਾਤਮਿਕ ਅਤੇ ਆਕਰਸ਼ਕ ਸੀ।

**ਸ੍ਰੀ ਸਤਿਗੁਰੂ ਜੀ ਵਲੋਂ ਸਮ੍ਹਾਂ ਰੌਸ਼ਨ-**

ਹਿੰਦੂ, ਸਿੱਖ, ਮੁਸਲਮਾਨ ਅਤੇ ਗੋਰੇ ਸੰਗੀਤ ਪ੍ਰੇਮੀਆਂ ਨਾਲ ਭਰਪੂਰ ਹਾਲ ਵਿਚ ਮੰਚ ਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਬਿਰਾਜਮਾਨ ਹੋਏ ਅਤੇ ਮੰਚ ਸੰਚਾਲਕ ਡਾ. ਰਮਿੰਦਰਪਾਲ ਸਿੰਘ ਕੰਗ ਨੇ ਬੜੇ ਅਦਬ ਅਤੇ ਭਗਤੀ ਭਾਵ ਵਾਲੇ ਸ਼ਬਦਾਂ ਨਾਲ ਸ੍ਰੀ ਹਜ਼ੂਰ ਦਾ ਸਵਾਗਤ ਕੀਤਾ। ਉਪਰੰਤ ਡਾ. ਕੰਗ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਹੁਪੱਖੀ ਜੀਵਨ ਬਾਰੇ ਅਤੇ ਵਿਸ਼ੇਸ਼ ਕਰਕੇ ਆਪ ਜੀ ਦੇ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਵਿਸ਼ਾਲ ਗਿਆਨ ਬਾਰੇ ਸਰੋਤਿਆਂ ਨੂੰ ਬੜੇ ਭਾਵਪੂਰਤ ਸ਼ਬਦਾਂ ਵਿਚ ਜਾਣਕਾਰੀ ਦਿੱਤੀ। ਮੰਚ ਤੋਂ ਸ੍ਰੀ ਸਤਿਗੁਰੂ ਜੀ ਨੂੰ ਸਮ੍ਹਾਂ ਰੌਸ਼ਨ ਕਰਨ ਲਈ ਬੇਨਤੀ ਕਰਨ ਤੇ ਆਪ ਜੀ ਨਾਲ ਵਿਰਾਸਤ ਫਾਊਂਡੇਸ਼ਨ ਦੇ ਪ੍ਰਧਾਨ ਸ੍ਰੀ ਭੁਪਿੰਦਰ ਸਿੰਘ ਮੱਲ੍ਹੀ, ਸ੍ਰੀ ਜਸਪਾਲ ਸਿੰਘ ਰੰਧਾਵਾ, ਸ. ਕਮਲਜੀਤ ਸਿੰਘ, ਸ. ਰਣਜੀਤ ਸਿੰਘ, ਸੂਬਾ ਬਲਬੀਰ ਸਿੰਘ ਹਾਜ਼ਰ ਹੋਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਫੁੱਲਾਂ ਨਾਲ ਸਜੀ ਤਸਵੀਰ ਦੇ ਸਨਮੁੱਖ ਸਮ੍ਹਾਂ ਰੌਸ਼ਨ ਕੀਤੀ ਗਈ। ਸੰਗੀਤ ਪ੍ਰੇਮੀਆਂ ਨਾਲ ਭਰਪੂਰ ਹਾਲ ਤਾਲੀਆਂ ਦੀ ਗੂੰਜ ਨਾਲ ਭਰਪੂਰ ਹੋ ਗਿਆ। ਮੰਚ ਤੇ ਹਾਜ਼ਰ ਹੋਏ ਪ੍ਰਧਾਨ ਮੱਲ੍ਹੀ ਜੀ, ਆਪ ਨੇ ਸਭ ਤੋਂ ਪਹਿਲੋਂ ਸ੍ਰੀ ਸਤਿਗੁਰੂ ਜੀ ਨੂੰ ਜੀ ਆਇਓਂ ਆਖ ਕੇ ਪਿਛਲੇ ਵਰ੍ਹਿਆਂ ਦੀ ਵਿਰਾਸਤ ਫਾਊਂਡੇਸ਼ਨ ਦੀ ਕਾਰਗੁਜ਼ਾਰੀ ਦੀ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ। ਆਪ ਨੇ ਦੱਸਿਆ ਕਿ ਵਿਰਾਸਤ ਫਾਊਂਡੇਸ਼ਨ ਨੇ ਆਪਣੇ ਆਰੰਭ ਕਾਲ ਤੋਂ ਹੀ ਭਾਰਤੀ ਸ਼ਾਸਤਰੀ ਸੰਗੀਤ, ਸਾਹਿਤ ਅਤੇ ਦਰਸ਼ਨ ਦੀਆਂ ਮਹਾਨ ਹਸਤੀਆਂ ਦਾ ਸਨਮਾਨ ਕੀਤਾ ਹੈ। ਉਹਨਾਂ ਦੀ ਯਾਦ ਵਿਚ ਵਡੇ ਸਮਾਗਮ ਰਚੇ ਹਨ ਅਤੇ ਆਪਣੇ ਵਿਰਸੇ ਦੀ ਸਾਂਭ ਸੰਭਾਲ ਅਤੇ ਪ੍ਰਚਾਰ ਪ੍ਰਸਾਰ ਲਈ ਅਨੇਕ ਸਫਲ ਯਤਨ ਕੀਤੇ ਹਨ। ਆਰੰਭ ਕਾਲ ਤੋਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਡੇ ਤੇ ਅਪਾਰ ਬਖਸ਼ਿਸ਼ ਰਹੀ ਹੈ, ਅਸੀਸ ਤੇ ਸਹਿਯੋਗ ਸਹਿਤ। ਸਾਨੂੰ ਖੁਸ਼ੀ ਹੈ ਕਿ ਅਸੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਯਾਦ ਨੂੰ ਸਮਰਪਿਤ ਇਕ ਗਰੈਂਡ ਇੰਡੀਅਨ ਕਲਾਸੀਕਲ ਮਿਊਜ਼ਿਕ ਫੈਸਟੀਵਲ ਆਯੋਜਿਤ ਕਰ ਸਕੇ। ਇਸ ਸਾਰੇ ਪ੍ਰੋਗਰਾਮ ਨੂੰ ਅਮਲੀ ਜਾਮ੍ਹਾ ਪਹਿਨਾਉਣ ਲਈ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦਾ ਥਾਪੜਾ ਹਮੇਸ਼ਾਂ ਸਾਡੇ ਅੰਗ-ਸੰਗ ਰਿਹਾ ਹੈ। ਜਿਸ ਲਈ ਅਸੀਂ ਆਪ ਜੀ ਦੇ ਤਹਿ ਦਿਲੋਂ ਸ਼ੁਕਰਗੁੱਜ਼ਾਰ ਹਾਂ।

**ਸੰਗੀਤ ਡਾਕੂਮੈਂਟਰੀ-**

ਮੱਲ੍ਹੀ ਜੀ ਦੇ ਵਖਿਆਣ ਉਪਰੰਤ ਡਾ. ਕੰਗ ਸਾਹਿਬ ਨੇ ਦੱਸਿਆ ਕਿ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਪ੍ਰਤੀ ਅਦੁੱਤੀ ਦੇਣ ਬਾਰੇ 30 ਮਿੰਟ ਦੀ ਡਾਕੂਮੈਂਟਰੀ ਜਿਸ ਦਾ ਪਹਿਲਾ ਭਾਗ, 15 ਮਿੰਟ ਦੀ ਡਾਕੂਮੈਂਟਰੀ ਅੱਜ ਵਿਖਾਈ ਜਾਵੇਗੀ। ਇਹ ਡਾਕੂਮੈਂਟਰੀ ਸ. ਤਰਨਜੀਤ ਸਿੰਘ ਵਲੋਂ ਤਿਆਰ ਕੀਤੀ ਜਾ ਰਹੀ ਇਕ ਵਿਸਤ੍ਰਿਤ ਡਾਕੂਮੈਂਟਰੀ ਦਾ ਕੁਝ ਭਾਗ ਜਾਂ ਟਰੇਲਰ ਹੀ ਹੈ।

ਪਹਿਲੇ ਭਾਗ ਦੀ 15 ਮਿੰਟ ਦੀ ਡਾਕੂਮੈਂਟਰੀ ਵਿਚ ਗੁਰਮਤਿ ਸੰਗੀਤ ਬਾਰੇ ਸਤਿਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋ ਕੇ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਸਿੱਖ ਸਮਾਜ ਵਿਚ ਸੰਗੀਤਕ ਸਾਧਨਾਂ ਬਾਰੇ ਸੰਖੇਪ ਜਾਣਕਾਰੀ ਸੀ - ਇਹ ਡਾਕੂਮੈਂਟਰੀ ਰੌਚਕ, ਕਲਾਤਮਿਕ ਅਤੇ ਜਾਣਕਾਰੀ ਭਰਪੂਰ ਸੀ।

**ਆਰੰਭ ਗਾਇਣ ਤੋਂ -**

ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਜੇ ਨਿਵਾਜੇ ਨਾਮਧਾਰੀ ਸੰਗੀਤਕਾਰ, ਸਫੈਦ ਬਸਤਰਾਂ ਵਿਚ ਹੰਸਾਂ ਵਾਂਗ ਸ਼ੋਭਾ ਪਾਉਂਦੇ ਜਦੋਂ

(ਬਾਕੀ ਸਫਾ 4 'ਤੇ)

# ਫਗਵਾੜਾ ਵਿਖੇ ਅਟੱਲ ਪ੍ਰਤਾਪੀ ਯਾਦ ਮੇਲਾ ਅਤੇ ਸਲਾਨਾ ਜਪ ਪ੍ਰਯੋਗ ਆਰੰਭ



ਫਗਵਾੜਾ ਵਿਖੇ ਅਟੱਲ ਪ੍ਰਤਾਪੀ ਦੀ ਯਾਦ ਵਿਚ ਮੇਲੇ ਸਮੇਂ ਕੀਰਤਨ ਕਰਦੀਆਂ ਬੀਬੀਆਂ।

**ਫਗਵਾੜਾ, 04-09-2016-** ਨਾਮਧਾਰੀ ਗੁਰਦੁਆਰਾ ਸੰਤ ਨਗਰ ਫਗਵਾੜਾ ਵਿਖੇ ਹਰ ਸਾਲ ਦੀ ਤਰ੍ਹਾਂ ਜਪ ਪ੍ਰਯੋਗ ਸੂਬਾ ਜਸਬੀਰ ਸਿੰਘ ਦੀ ਅਗਵਾਈ ਵਿਚ ਆਰੰਭ ਹੋਇਆ। ਜਪ ਪ੍ਰਯੋਗ ਦਾ ਟਾਈਮ ਅੰਮ੍ਰਿਤ ਵੇਲੇ 3 ਤੋਂ 5 ਵਜੇ ਤਕ ਦੋ ਘੰਟੇ ਦਾ ਰਖਿਆ ਗਿਆ। ਅੱਜ ਤੜਕੇ 2.30 ਵਜੇ ਤੋਂ ਸਾਧ ਸੰਗਤ ਗੁਰਦੁਆਰੇ ਪਹੁੰਚਣੀ ਸ਼ੁਰੂ ਹੋ ਗਈ ਸੀ। ਸਭ ਮਾਈ ਭਾਈ ਨੇ ਅੰਮ੍ਰਿਤ ਛਕ ਕੇ ਹਾਲ ਅੰਦਰ ਆਪੋ ਆਪਣੇ ਆਸਣ ਵਿਛਾਕੇ ਸਥਾਨ ਗ੍ਰਹਿਣ ਕੀਤਾ। ਠੀਕ 3 ਵਜੇ ਗੁਰਦੁਆਰੇ ਦੇ ਭਾਈ ਜੀ ਹਰਪ੍ਰੀਤ ਸਿੰਘ ਨੇ ਅਰਦਾਸ ਕੀਤੀ। ਜਪ ਪ੍ਰਯੋਗ ਵਿਚ ਪਹਿਲੇ ਦਿਨ ਦੀ ਗਿਣਤੀ ਕੁੱਲ 95 ਸਰੀਰ ਸਨ। ਠੀਕ 4 ਘੰਟੇ ਦੇ ਵਕਫੇ ਪਿਛੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਕਿਰਪਾ ਦੁਆਰਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਸੰਬੰਧੀ ਪੰਜ ਭਾਦਰੋਂ ਦਾ ਦਿਨ ਮਨਾਇਆ ਗਿਆ। ਇਸ ਤੋਂ ਪਹਿਲਾਂ ਜਪ ਪ੍ਰਯੋਗ ਦੇ ਦੌਰਾਨ ਹੀ ਸੰਤ ਜਸਪਾਲ ਸਿੰਘ ਦੇ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਕੀਤਾ, ਢੋਲਕੀ ਤੇ ਇਹਨਾਂ ਨਾਲ ਕਾਕਾ ਰੰਗਾ ਸਿੰਘ ਪੁੱਤਰ ਸੰਤ ਗੁਰਮਿੰਦਰ ਸਿੰਘ, ਰੰਗਾ ਸਿੰਘ ਪੁੱਤਰ ਗੁਰਚਰਨ ਸਿੰਘ, ਕੁਲਵੰਤ ਸਿੰਘ, ਦਵਿੰਦਰ ਸਿੰਘ, ਉਂਕਾਰ ਸਿੰਘ, ਕੁਲਵਿੰਦਰ ਸਿੰਘ, ਜਗਦੀਪ ਸਿੰਘ, ਸਵਰਨ ਸਿੰਘ, ਹੀਰਾ ਸਿੰਘ ਤੇ ਜਸਕਰਨ ਸਿੰਘ ਆਦਿ ਨੇ ਸਾਥ ਦਿੱਤਾ। ਸਵੇਰੇ 9 ਵਜੇ ਪੰਜ ਸਧਾਰਨ ਪਾਠਾਂ ਦੇ ਭੋਗ ਪਾਏ ਗਏ। 1 ਪਾਠ ਦਾ ਭੋਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, 1 ਪਾਠ ਦਾ ਭੋਗ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ, 1 ਪਾਠ ਦਾ ਭੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ, 1 ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਵਾਸਤੇ, ਤੇ ਇਕ ਪਾਠ ਦਾ ਭੋਗ ਸੰਤ ਪ੍ਰੀਤਮ ਸਿੰਘ (ਵਾਰੇ ਵਾਲੇ) ਤੇ ਸੰਤ ਰਤਨ ਸਿੰਘ ਦੀ ਯਾਦ ਵਿਚ ਪਾਏ ਗਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ 1890 ਈ. ਵਿਚ ਪਿਤਾ ਸ੍ਰੀ ਸਤਿਗੁਰੂ ਹਰੀ ਸਿੰਘ ਤੇ ਮਾਤਾ ਜੀਵਨ ਕੌਰ ਦੇ ਗ੍ਰਹਿ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਉਹ 16 ਸਾਲ ਦੀ ਉਮਰ ਵਿਚ ਗੁਰਗੱਦੀ ਤੇ ਸੁਭਾਇਮਾਨ ਹੋਏ ਤੇ 53 ਸਾਲ ਤੱਕ ਉਨ੍ਹਾਂ ਗੁਰਗੱਦੀ ਤੇ ਬੈਠ ਕੇ ਨਾਮਧਾਰੀ ਪੰਥ ਦੇ ਭਲੇ ਵਾਸਤੇ ਜੋ ਕਾਰਜ ਕੀਤੇ ਉਹ ਗਿਣਾਏ ਨਹੀਂ ਜਾ ਸਕਦੇ। ਉਹਨਾਂ ਸਾਧ ਸੰਗਤ ਦੇ ਭਲੇ ਵਾਸਤੇ ਆਖਿਆ ਕਿ ਜਿਹੜਾ ਮੇਰਾ ਸਿੱਖ ਇਕ ਘੰਟਾ ਰੋਜ਼ਾਨਾ ਨਾਮ ਸਿਮਰਨ ਕਰੇਗਾ ਦਰਗਾਹ ਵਿਚ ਉਸਦਾ ਜ਼ਿੰਮੇਵਾਰ ਮੈਂ ਹੋਵਾਂਗਾ। 13, 15 ਅਕਤੂਬਰ 1934 ਈ. ਨੂੰ ਸੱਚੇ ਪਾਤਸ਼ਾਹ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਨਾਨਕ ਨਾਮ ਲੇਵਾ ਸਰਬ ਸੰਪਰਦਾਇਕ ਕਾਨਫਰੰਸ ਕੀਤੀ ਜਿਸ ਦਾ ਮਨੋਰਥ ਸ੍ਰੀ ਗੁਰੂ ਨਾਨਕ ਪੰਥੀ ਸਾਰੀਆਂ ਸੰਪਰਦਾਵਾਂ ਵਿਚ ਪਰਸਪਰ ਪ੍ਰੇਮ ਪਿਆਰ ਤੇ ਏਕਤਾ ਪੈਦਾ ਕਰਨਾ ਸੀ।

1937 ਵਿਚ ਅੰਗਰੇਜ਼ਾਂ ਵਲੋਂ ਲਾਹੌਰ ਵਿਖੇ ਬੁੱਚੜਖਾਨਾ ਖੋਲ੍ਹਣ ਦਾ ਵਿਰੋਧ ਕੀਤਾ ਤੇ ਸਵਾ ਲਖ ਚੰਡੀ ਦੀ ਵਾਰ ਦੇ ਪਾਠ ਕਰਵਾਏ। ਉਨ੍ਹਾਂ ਪਾਠਾਂ ਦੇ ਭੋਗ ਤੋਂ ਬਾਅਦ ਹੀ ਸਰਕਾਰ ਨੇ ਬੁੱਚੜਖਾਨਾ ਨਾ ਖੋਲ੍ਹਣ ਦਾ ਐਲਾਨ ਕਰ ਦਿੱਤਾ ਸੀ।

ਸੰਨ 1928 ਈ. ਨੂੰ ਸਤਿਗੁਰਾਂ ਨੇ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਵਿਦਿਆਲੇ ਦਾ ਆਰੰਭ ਕੀਤਾ ਤਾਂ ਕਿ ਸਿੱਖਾਂ ਵਿਚ ਸੰਗੀਤਕ ਰੁਚੀ ਪੈਦਾ ਹੋਵੇ ਉਹ ਅਕਸਰ ਆਖਿਆ ਕਰਦੇ ਸਨ ਕਿ ਨਾਮਧਾਰੀ ਪਰਿਵਾਰਾਂ ਦੇ ਹਰ ਇਕ ਬੱਚੇ ਵਿਚੋਂ ਸੰਗੀਤ ਦੀ ਖੁਸ਼ਬੋ ਆਉਣੀ ਚਾਹੀਦੀ ਹੈ। 1947 ਦੀ ਵੰਡ ਵੇਲੇ ਸੱਚੇ ਪਾਤਸ਼ਾਹ ਜੀ ਨੇ ਪਾਕਿਸਤਾਨ ਵਲੋਂ ਆਏ ਸਿਖਾਂ ਨੂੰ ਸ੍ਰੀ ਜੀਵਨ ਨਗਰ ਵਿਖੇ ਆਪਣੇ ਕੋਲੋਂ ਜ਼ਮੀਨ ਦੇ ਕੇ ਉਹਨਾਂ ਦਾ ਮੁੜ ਵਸੇਬਾ ਕੀਤਾ। ਉਹਨਾਂ ਹਿੰਦੁਸਤਾਨ ਤੋਂ ਬਾਹਰ ਵਿਦੇਸ਼ਾਂ ਵਿਚ ਜਿਵੇਂ ਥਾਈਲੈਂਡ, ਅਫਰੀਕਾ ਤੇ ਸਿੰਘਾਪੁਰ ਆਦਿ ਮੁਲਕਾਂ ਦੇ ਦੌਰੇ ਕਰਕੇ ਉਥੋਂ ਦੇ ਸਿਖਾਂ ਨੂੰ ਨਾਮਬਾਣੀ ਨਾਲ ਜੋੜਿਆ।

ਸਭ ਤੋਂ ਵੱਡਾ ਕਾਰਜ ਜੋ ਉਹਨਾਂ ਕੀਤਾ ਕਿ ਨੀਲੋਂ ਨਹਿਰ ਦੇ ਕੰਢੇ 40 ਦਿਨ ਘੋਰ ਤਪਸਿਆ ਕਰਕੇ ਜਪ ਪ੍ਰਯੋਗ ਕਰਨ ਦੀ ਨਵੀਂ ਪਿਰਤ ਪਾਈ। ਉਦੋਂ ਤੋਂ ਲੈ ਕੇ ਅੱਜ ਤੱਕ ਹਰ ਸਾਲ ਅੱਸੂ ਦੇ ਮਹੀਨੇ ਸ੍ਰੀ ਭੈਣੀ ਸਾਹਿਬ ਵਿਖੇ ਜਪ ਪ੍ਰਯੋਗ ਹੁੰਦਾ ਆ ਰਿਹਾ ਹੈ। ਜਿਸ ਵਿਚ ਦੇਸ਼ਾਂ ਵਿਦੇਸ਼ਾਂ ਤੋਂ ਸਾਧ ਸੰਗਤ ਸ੍ਰੀ ਭੈਣੀ ਸਾਹਿਬ ਆਕੇ ਸੁੱਚ ਸੋਧ ਦੇ ਧਾਰਨੀ ਹੋ ਕੇ ਆਪਣਾ ਜਨਮ ਸਫਲਾ ਕਰਦੀ ਹੈ। ਜਿਹੜੀ ਸਾਧ ਸੰਗਤ ਆਪਣੇ ਕੰਮਕਾਰ ਦੇ ਰੁਝੇਵਿਆਂ ਵਿਚੋਂ ਟਾਈਮ ਨਹੀਂ ਕਢਦੀ ਉਹਨਾਂ ਵਾਸਤੇ ਸਤਿਗੁਰਾਂ ਦਾ ਹੁਕਮ ਹੈ ਕਿ ਉਹ ਆਪੋ ਆਪਣੇ ਪਿੰਡਾਂ ਸ਼ਹਿਰਾਂ ਵਿਚ ਇਕੱਤਰ ਹੋ ਕੇ ਨਾਮ ਸਿਮਰਨ ਕਰ ਸਕਦੀ ਹੈ। ਉਸ ਮਹਾਨ ਵਡ ਪ੍ਰਤਾਪੀ ਸਤਿਗੁਰਾਂ ਨੇ 21-22 ਅਗਸਤ 1959 ਈ. ਮੁਤਾਬਿਕ 5-6 ਭਾਦਰੋਂ ਸੰਮਤ ਬਿਕਰਮੀ ਨੂੰ ਦੇਹ ਦਾ ਓਹਲਾ ਕਰ ਲਿਆ ਤਾਂ ਸਾਧ ਸੰਗਤ ਆਪਣੇ ਸਤਿਗੁਰਾਂ ਦਾ ਵਿਛੋੜਾ ਸਹਿ ਨਾ ਸਕੀ। ਤੇ ਆਪਣੇ ਪਿਆਰੇ ਦੀ ਯਾਦ ਵਿਚ ਦਿਨ ਰਾਤ ਵਿਰਲਾਪ ਕਰਨ ਲਗੀ। ਉਦੋਂ ਤੋਂ ਲੈ ਕੇ ਸ੍ਰੀ ਭੈਣੀ ਸਾਹਿਬ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਸਮੂੰਹ ਸਾਧ ਸੰਗਤ ਆਪਣੇ ਪਿਆਰੇ ਦੀ ਯਾਦ ਵਿਚ 5 ਭਾਦਰੋਂ ਦਾ ਦਿਨ

(ਬਾਕੀ ਸਫਾ 6 'ਤੇ)

# ਪ੍ਰਵਚਨ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ



ਜਥੇਦਾਰ ਸੁਰੈਣ ਸਿੰਘ ਹੁਰੀਂ, ਸਾਧ ਸੰਗਤ ਵਿਚ ਖਲੋਤੇ ਨੇ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਇਹ ਸੇਵਕ ਸਨ। ਹੁਣ ਵੀ ਸੇਵਕ ਨੇ, ਥੋਹੜਾ ਜਿਹਾ ਸਤਿਗੁਰੂ ਜੀ ਦੇ ਵੇਲੇ ਇਹਨਾਂ ਤੋਂ ਅਵੱਗਿਆ ਹੋਈ ਸੀ ਉਹਦੇ ਕਰਕੇ ਇਹ ਸਾਧ ਸੰਗਤ ਵਿਚ ਖਲੋਤੇ ਨੇ ਤੇ ਇਹਨਾਂ ਦੀ ਬਖ਼ਸ਼ਬੰਦੀ ਕੀਤੀ ਜਾਂਦੀ ਏ। ਅਗਾਂਹ ਨੂੰ ਕਿਰਪਾ ਕਰਨ ਤੇ ਸਾਧ ਸੰਗਤ ਵਿਚ ਰਹਿਣ। ਬਾਕੀ ਦਿਆਂ ਨੂੰ ਵੀ ਇਹ ਧਿਆਨ ਹੋਣਾ ਚਾਹੀਦਾ ਹੈ ਕਿ ਇਹ ਗੱਲ ਇਸ ਤਰ੍ਹਾਂ ਨਹੀਂ ਹੋਣੀ ਚਾਹੀਦੀ।

ਤੁਸਾਂ ਨੌਵੇਂ ਸਤਿਗੁਰਾਂ ਦੇ ਸਲੋਕ ਸੁਣੇ ਨੇ। ਕਿਸੇ ਕਾਰਜ ਲਈ ਇਕੱਠੇ ਹੋਏ ਆਂ। ਇੱਕ ਸਰੀਰ ਸਾਡੇ ਵਿਚੋਂ ਚਲਾ ਗਿਆ। ਸਾਡੀ ਮਰਜੀ ਅਤੇ ਆਪਣੀ ਮਰਜੀ ਤੋਂ ਬਿਨਾਂ ਚਲਾ ਗਿਆ। ਸੰਸਾਰ ਦੇ ਵਿਚ ਦੋ ਚੀਜਾਂ ਬੜੇ ਪ੍ਰਤੱਖ ਰੂਪ ਚ ਸਾਡੇ ਸਾਹਮਣੇ ਆਉਂਦੀਆਂ ਨੇ। ਭਗਵਾਨ-ਸਤਿਗੁਰੂ-ਕਰਤਾਰ ਅਤੇ ਉਸਦੀ ਬਣਾਈ ਹੋਈ ਮਾਇਆ। ਜਿਸ ਵੇਲੇ ਸਾਨੂੰ ਕਰਤਾਰ ਚੇਤੇ ਆਉਂਦੈ ਤਾਂ ਮਾਇਆ ਨਿਕਲ ਜਾਂਦੀ ਹੈ। ਜਿਸ ਵੇਲੇ ਮਾਇਆ ਆਉਂਦੀ ਹੈ ਤਾਂ ਉਹ ਵਿਚੋਂ ਨਿਕਲ ਜਾਂਦੈ। ਤੁਸੀਂ ਹੁਣੇ ਹੁਣੇ ਸਲੋਕ ਸੁਣੇ ਨੇ ਸਤਿਗੁਰਾਂ ਦੇ -

**ਪ੍ਰਾਣੀ ਰਾਮ ਨ ਚੇਤਈ ਮਦਿ ਮਾਇਆ ਕੈ ਅੰਧ।।**

ਫੇਰ ਕੀ ਹੁੰਦੈ-

**ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ।।**

ਜਮਾਂ ਦੇ ਫੰਧ ਪੈਂਦੇ ਨੇ। ਜੇ ਅਸੀਂ ਉਧਰੋ ਧਿਆਨ ਰੱਖਦੇ ਹਾਂ ਸਤਿਗੁਰੂ ਵਾਲੇ ਪਾਸੇ। ਸਾਡਾ ਇਕੋ ਈ ਨਿਸ਼ਾਨਾ ਏ ਇਸ ਸੰਸਾਰ ਵਿਚ ਆਉਣ ਦਾ ਕਿ ਸਾਡਾ ਜਨਮ ਮਰਨ ਕਟਿਆ ਜਾਏ ਤੇ ਇਹ ਪੀੜਾ ਹਟ ਜਾਏ। ਜੇ ਸਾਨੂੰ ਉਹ ਨਹੀਂ ਯਾਦ ਰਹਿੰਦਾ ਤਾਂ ਸੁਖ ਨਹੀਂ ਤਾਂ ਇਕ ਵੱਡਾ ਪਾਪ ਲਿਖਿਐ। ਜਦੋ ਸਤਿਗੁਰ ਸਾਨੂੰ ਭੁਲਦੈ ਫੇਰ ਸਾਡੇ ਤੇ ਇਹੋ ਜਿਹੀਆਂ ਚੀਜ਼ਾਂ ਵੀ ਪੈ ਜਾਂਦੀਆਂ ਨੇ ਜੋ ਸਾਨੂੰ ਦੁਖ ਦੇਂਦੀਆਂ ਨੇ। ਹਰ ਪ੍ਰਾਣੀ ਵਾਸਤੇ ਹਰ ਆਦਮੀ ਵਾਸਤੇ ਇਹ ਗਲ ਯਾਦ ਰੱਖਣੀ ਬਹੁਤ ਜ਼ਰੂਰੀ ਹੈ-ਕਿ ਸਿਖ ਵਾਸਤੇ ਨਾਮਧਾਰੀ ਸਿੱਖ ਵਾਸਤੇ ਖਾਸ ਕਰਕੇ। ਅਸੀਂ ਇਕ ਕਿਊ (ਕਤਾਰ) ਵਿਚ ਲੱਗੇ ਹੋਏ ਹਾਂ ਕਿਊ ਦੁਧ ਲੈਣ ਵਾਲੀ ਨਹੀਂ, ਟਿਕਟਾਂ ਖਰੀਦਣ ਵਾਲੀ ਨਹੀਂ- ਉਹ ਕਿਊ ਇਸਤਰਾਂ ਹੈ -

**ਇਕਨੀ ਲਦਿਆ ਇਕਿ ਲਦ ਚਲੇ ਇਕਨੀ ਬਧੇ ਭਾਰ।।**

ਪਤਾ ਨਹੀਂ ਕਿਦਣ ਸਾਡੀ ਵਾਰੀ ਆ ਜਾਣੀ ਏਂ।

**ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ।।**
**ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੁ ਮੀਤ।।**

ਤੇ ਇਹ ਸਭ ਤੋ ਪਹਿਲੋਂ ਤੇ ਸਭ ਤੋ ਜ਼ਰੂਰੀ ਯਾਦ ਰਖਣ ਵਾਲੀ ਗਲ ਏ ਸਾਡੀ। ਗੁਰੂ ਨਾਨਕ ਤੋ ਲਗਕੇ ਸਾਡੇ ਪੀਰਾਂ ਪੈਗੰਬਰਾਂ ਤੋਂ ਕਿ ਮਰਨਾ ਸੱਚ ਹੈ-ਜਿਉਣਾ ਝੂਠ ਹੈ। ਜਦੋ ਸੰਸਾਰ ਤੇ ਆ ਗਿਆ, ਜਨਮ ਲੈ ਲਿਆ ਤੇ ਫਿਰ ਅਗੇ ਕੀ ਹੈ। ਅਗੇ ਤੇ ਫਿਰ ਮੌਤ ਹੀ ਹੈ ਹੋਰ ਕੁਝ ਨਹੀਂ। ਉਸਨੂੰ ਆਪਣੇ ਨਿਸ਼ਾਨੇ ਨੂੰ ਯਾਦ ਰਖਣਾ ਚਾਹੀਦੈ। ਜੇ ਸੋਭਾ ਕਰਾਣੀ ਏ ਨਾ- ਬਾਣੀ ਵਿਚ ਜੋ ਲਿਖਿਆ ਫਾਰਮੂਲਾ ਉਹ ਅਪਣਾ ਲਿਆ ਜਾਵੇ ਤਾਂ ਸੋਭਾ ਹੋਵੇਗੀ।

**ਜੇ ਕੋ ਅਪੁਨੀ ਸੋਭਾ ਲੋਰੈ।। ਸਾਧ ਸੰਗਿ ਇਹ ਹਉਮੈ ਛੋਰੈ।।**

ਇਸ ਮਾਇਆ ਨੂੰ ਥੋਹੜਾ ਜਿਹਾ ਪਰੇ ਕਰ ਲਵੇ। ਤੇ-

**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ।।**


ਮੈ ਜਿਹੜੀਆਂ ਗੱਲਾਂ ਤੁਹਾਨੂੰ ਆਖੀਆਂ ਨੇ ਇਹਨਾਂ ਨੂੰ ਬਹੁਤੀ ਪੱਕੀ ਤਰਾਂ ਯਾਦ ਰਖੋ।। ਅਰਦਾਸ ਕਰੋ, ਮੈ ਆਖੀਆਂ ਨੇ ਮੇਰੇ ਮਨ ਤੇ ਭੀ ਇਹਨਾਂ ਦਾ ਪੂਰਾ ਅਸਰ ਹੋਵੇ। ਸਾਨੂੰ ਇਹ ਯਾਦ ਹੋਵੇ ਕਿ ਐਸ ਸੰਸਾਰ ਤੋਂ ਅਸਾਂ ਚਲੇ ਜਾਣਾ ਏ ਤੇ ਸਾਨੂੰ ਸਤਿਗੁਰੂ ਓਥੇ ਜਗ੍ਹਾ ਦੇਵੇ।

**ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ।।**

# ਗੁਰ ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸਤਿਗੁਰੂ ਜਗਜੀਤ ਸਿੰਘ ਜੀ ਵਰਗਾ ਕੋਈ ਹੋ ਹੀ ਨਹੀਂ ਸਕਦਾ



ਸਾਧ ਸੰਗਤ ਜੀ, ਸਤਿਗੁਰੂ ਜਗਜੀਤ ਸਿੰਘ ਵਰਗਾ ਕੋਈ ਹੋ ਹੀ ਨਹੀ ਸਕਦਾ। ਉਹਨਾਂ ਨੇ ਸਾਡੇ ਤੇ ਬਹੁਤ ਕਿਰਪਾ ਕੀਤੀ ਹੈ। ਮੈਨੂੰ ਲਗਦਾ ਹੈ ਕਿ ਇਕੱਲਾ ਮੈ ਸਤਿਗੁਰੂ ਜੀ ਦੇ ਬਹੁਤ ਨੇੜੇ ਸੀ, ਪਰ ਤੁਹਾਡੇ ਵਿਚੋਂ ਬਹੁਤ ਸਾਰੇ ਸੱਜਣ ਹਨ ਜਿਨ੍ਹਾ ਮੇਰੇ ਤੋਂ ਵੀ ਜ਼ਿਆਦਾ ਕਿਰਪਾ ਪ੍ਰਾਪਤ ਕੀਤੀ ਹੈ। ਉਹਨਾਂ ਨੇ ਬਜ਼ੁਰਗਾਂ ਤੋ ਲੈ ਕੇ ਬੱਚਿਆ ਤੱਕ ਸਭ ਨਾਲ ਪਿਆਰ ਕੀਤਾ। ਹਰ ਇੱਕ ਨੂੰ ਇਹ ਹੀ ਮਹਿਸੂਸ ਹੋਇਆ ਕਿ ਸਤਿਗੁਰੂ ਜੀ ਮੇਰੇ ਨਾਲ ਬਹੁਤਾ ਪਿਆਰ ਕਰਦੇ ਸਨ। ਉਸੇ ਪਿਆਰ ਦਾ ਵਰੋਸਾਇਆ ਹੋਇਆ ਮੈਂ ਵੀ ਇਕ ਛੋਟਾ ਜਿਹਾ ਸਿੱਖ ਹਾਂ। ਸਾਡਾ ਸਾਰਿਆਂ ਦਾ ਇਹੀ ਜੀਅ ਕਰਦਾ ਸੀ ਸਾਡੀ ਰਹਿੰਦੀ ਜਿੰਦਗੀ ਤੱਕ ਸਾਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਹੋਣ। ਪਰ ਇਹ ਵੀ ਉਹਨਾਂ ਦੀ ਰਜ਼ਾ ਹੈ। ਜੋ ਲਿਖਿਆ ਹੈ, ਉਸੇ ਦੇ ਮੁਤਾਬਿਕ ਹੋਣੀ ਕਰਦੀ ਹੈ। ਤੇ ਆਪਾਂ ਸਾਰਿਆਂ ਦਾ ਇਹ ਫਰਜ਼ ਹੈ ਕਿ ਸਚੇ ਪਾਤਸ਼ਾਹ ਜੀ ਦੀ ਯਾਦ ਸਦਾ ਹੀ ਸਾਡੇ ਮਨਾਂ ਵਿਚ ਉਹਨਾਂ ਦੇ ਪਰਉਪਕਾਰ ਯਾਦ ਰਹਿਣ। ਉਹਨਾਂ ਦੇ ਪਰਉਪਕਾਰ ਯਾਦ ਕਰਾਂਗੇ, ਉਹਨਾਂ ਦੀਆ ਬਖਸ਼ਿਸ਼ਾ ਯਾਦ ਕਰਾਂਗੇ ਉਹ ਘੜੀ ਸਾਡੇ ਲਈ ਸੁਲੱਖਣੀ ਹੋਵੇਗੀ, ਉਹ ਘੜੀ ਸਾਡੇ ਲੇਖੇ ਲਗਣੀ ਹੈ, ਉਹ ਘੜੀ ਚੰਗੀ ਲਗਣੀ ਹੈ, ਉਹ ਬਖਸ਼ਿਸ਼ ਸਾਰਿਆ ਤੋਂ ਉਪਰ ਹੈ ਇਸ ਕਰਕੇ ਕੋਈ ਵੀ ਸਿੰਘ ਵਾਂਝਾ ਨਾ ਰਹੇ।❄❄

# ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ (ਬਾਕੀ ਸਫਾ 2 ਦੀ)

ਮੰਚ ਤੇ ਹਾਜ਼ਰ ਹੋਏ ਤਾਂ ਹਾਲ ਤਾਲੀਆਂ ਨਾਲ ਗੂੰਜ ਉਠਿਆ। ਮੰਚ ਸੰਚਾਲਕ ਨੇ ਕਲਾਕਾਰਾਂ ਬਾਰੇ ਜਾਣਕਾਰੀ ਦਿੱਤੀ। ਆਪ ਨੇ ਦੱਸਿਆ ਕਿ ਇਹ ਸੰਗੀਤ ਸੰਮੇਲਨ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮਰਪਿਤ ਹੈ ਇਸ ਲਈ ਇਸਦਾ ਆਰੰਭ ਵੀ ਆਪ ਜੀ ਦੇ ਸਾਜੇ ਨਿਵਾਜੇ ਕਲਾਕਾਰਾਂ ਦੁਆਰਾ ਹੀ ਕੀਤਾ ਜਾ ਰਿਹਾ ਹੈ। ਮੁੱਖ ਪੇਸ਼ਕਾਰੀ ਹੈ ਉਸਤਾਦ ਹਰਭਜਨ ਸਿੰਘ ਦੀ ਜਿਹਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ 20ਵੀਂ ਸਦੀ ਦੇ 6ਵੇਂ, 7ਵੇਂ ਦਹਾਕੇ ਵਿਚ ਉਚੇਰੀ ਸੰਗੀਤ ਸਿਖਿਆ ਦਿਵਾਈ ਫੇਰ 8ਵੇਂ ਅਤੇ 9ਵੇਂ ਦਹਾਕੇ ਵਿਚ ਆਪ ਨੇ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਗੀਤ ਦੀ ਫੁਲਵਾੜੀ ਤਿਆਰ ਕਰਨ ਵਿਚ ਅਹਿਮ ਰੋਲ ਅਦਾ ਕੀਤਾ। ਆਪ ਨੇ ਪੰਡਤ ਮਹਾਂਦੇਵ ਜੀ ਅਤੇ ਉਸਤਾਦ ਅਮਜ਼ਦ ਅਲੀ ਖਾਂ ਪਾਸੋਂ ਸੰਗੀਤ ਦੀ ਉਚੇਰੀ ਸਿਖਿਆ ਗ੍ਰਹਿਣ ਕੀਤੀ। ਅੱਜ ਆਪ ਜੀ ਦੇ ਨਾਲ ਸਾਥ ਦੇ ਰਹੇ ਹਨ ਸ੍ਰੀ ਬਲਵੰਤ ਸਿੰਘ ਹਜ਼ੂਰੀ ਰਾਗੀ, ਤਾਰਸ਼ਹਿਨਾਈ ਤੇ ਸ੍ਰੀ ਦੇਵਿੰਦਰ ਸਿੰਘ ਅਤੇ ਤਬਲੇ ਤੇ ਸੰਗਤ ਕਰਨਗੇ ਸ੍ਰੀ ਹਰਪ੍ਰੀਤ ਸਿੰਘ ਸੋਨੂੰ। ਕਲਾਕਾਰਾਂ ਦਾ ਫੁੱਲਾਂ ਦੇ ਬੁੱਕੇ ਭੇਟ ਕਰਕੇ ਸਵਾਗਤ ਕੀਤਾ ਗਿਆ।

ਉਸਤਾਦ ਜੀ ਨੇ ਪਹਿਲੀ ਪੇਸ਼ਕਾਰੀ ਰਾਗ ਜੈ ਜੈ ਵੰਤੀ, ਝੱਪ ਤਾਲ ਵਿਚ ਪੰਡਤ ਮਹਾਂਦੇਵ ਤੋਂ ਸਿੱਖੀ ਬੰਦਿਸ਼ ਨਾਲ ਕੀਤੀ। ਜੈਪੁਰ ਘਰਾਣੇ ਦੇ ਧਰੁਪਦ ਅੰਗ ਦੀ ਬੰਦਿਸ਼ ਦੇ ਬੋਲ ਸਨ :

*ਤੇਰੋ ਕਛੂ ਨਹੀਂ ਜਾਤ ਰੀ ਸਜਨੀ,*
*ਉਮਕਿਓ ਜੋਬਨ ਜਾਤ ਪੀਆ ਬਿਨ ਮੇਰੋ।*
*ਜਾਇ ਪੁਕਾਰੂੰਗੀ ਮੈਂ ਨੰਦ ਬਾਬਾ ਸੌਂ,*
*ਸਭ ਦੁੱਖ ਸਹੂੰਗੀ, ਨਾ ਸਹੂੰਗੀ ਬਿਛੋਰੋ।*

ਉਪਰੰਤ ਰਾਗ ਮੀਆਂ ਕੀ ਮਲ੍ਹਾਰ, ਤਾਲ ਤਿੰਨ ਤਾਲ 'ਚ ਤਰਾਨਾ ਪੇਸ਼ ਕੀਤਾ- ਤਰਾਨਾ ਇਹ ਸੀ ਕਿ ਛਰਲਾਟੇ ਪੈ ਰਹੇ ਹੋਣ ਸੰਗੀਤ ਦੀ ਵਰਖਾ ਦੇ। ਨਾਲ ਹੀ ਮੀਆਂ ਕੀ ਮਲ੍ਹਾਰ ਦੀ ਹੀ ਇਕ ਤਾਲ ਦੀ ਬੰਦਿਸ਼ :

*ਉਮੜ ਘੁਮੜ ਘਨ ਗਰਜੇ ਮੇਹਰਵਾਂ,*

ਪੇਸ਼ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਖਜ਼ਾਨੇ, ਸ੍ਰੀ ਭੈਣੀ ਸਾਹਿਬ ਸੰਗੀਤ ਘਰਾਣੇ ਦੀਆਂ ਬੰਦਿਸ਼ਾਂ ਸੁਣ ਸ੍ਰੋਤੇ ਅੱਸ਼ ਅੱਸ਼ ਕਰ ਰਹੇ ਸਨ।

### ਸੰਗੀਤਕ ਖੇਤਰ ਵਿਚ ਪ੍ਰਵੇਸ਼-

ਸ੍ਰੀ ਸਤਿਗੁਰੂ ਜੀ ਨੇ ਉਸਤਾਦ ਹਰਭਜਨ ਸਿੰਘ ਅਤੇ ਸਾਥੀਆਂ ਨੂੰ ਸਿਰੋਪਾਓ ਬਖਸ਼ ਕੇ ਨਿਵਾਜਿਆ।

ਮੰਚ ਸੰਚਾਲਕ ਕੰਗ ਜੀ ਨੇ ਅਗਲੇ ਕਲਾਕਾਰ ਪੇਸ਼ ਕਰਨ ਤੋਂ ਪਹਿਲਾਂ ਇਸ ਪ੍ਰੋਗਰਾਮ ਨੂੰ ਸਪੌਂਸਰਜ, ਸਹਿਯੋਗੀਆਂ ਦੇ ਨਾਮ ਲੈ ਕੇ ਉਚੇਚਾ ਧੰਨਵਾਦ ਕੀਤਾ ਅਤੇ ਮੰਚ ਤੇ ਆਮਿੰਤ੍ਰਤ ਕੀਤਾ - ਉਸਤਾਦ ਗੁਰਦੇਵ ਸਿੰਘ ਸਰੋਦ ਵਾਦਕ ਅਤੇ ਤਬਲੇ ਤੇ ਸੰਗਤ ਕਰਨ ਲਈ ਸ. ਸਰਬਜੀਤ ਸਿੰਘ ਮਠਾੜੂ ਨੂੰ। ਸ੍ਰੋਤਿਆਂ ਨੇ ਭਰਪੂਰ ਤਾਲੀਆਂ ਨਾਲ ਸੰਗਤਾਕਾਰਾਂ ਨੂੰ ਜੀਓ ਆਇਆਂ ਕਿਹਾ। ਸ. ਸੁਖਜਿੰਦਰ ਸਿੰਘ ਗਰੇਵਾਲ, ਸ੍ਰੀ ਰਾਜ ਝਲਨ ਅਤੇ ਸ. ਸੁਖਦੇਵ ਸਿੰਘ ਸੰਧੂ ਨੇ ਕਲਾਕਾਰਾਂ ਦਾ ਫੁੱਲਾਂ ਦੇ ਬੁੱਕਿਆਂ ਨਾਲ ਸਵਾਗਤ ਕੀਤਾ।

ਮੰਚ ਸੰਚਲਕ ਨੇ ਉਸਤਾਦ ਗੁਰਦੇਵ ਸਿੰਘ ਬਾਰੇ ਵਿਸਤ੍ਰਿਤ ਜਾਣਕਾਰੀ ਦਿਤੀ ਜਿਸਦਾ ਸੰਖੇਪ ਸਾਰ ਹੈ ਕਿ ਸ. ਗੁਰਦੇਵ ਸਿੰਘ ਨੇ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਹੀ ਸੰਗੀਤਕ ਖੇਤਰ ਵਿਚ ਪ੍ਰਵੇਸ਼ ਕੀਤਾ। ਆਪ ਜੀ ਦੀ ਕਿਰਪਾ ਨਾਲ ਹੀ ਉਸਤਾਦ ਤਾਰਾ ਸਿੰਘ ਅਤੇ ਉਸਤਾਦ ਪਿਆਰ ਸਿੰਘ ਤੋਂ ਦਿਲਰੁਬਾ ਦੀ ਸਿਖਿਆ ਗ੍ਰਹਿਣ ਕੀਤੀ। ਉਚੇਰੀ ਸਿਖਿਆ ਲਈ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਗੁਰਦੇਵ ਸਿੰਘ ਨੂੰ ਪ੍ਰਸਿੱਧ ਸਰੋਦ ਸਮਰਾਟ ਉਸਤਾਦ ਅਮਜਦ ਅਲੀ ਖਾਂ ਦਾ ਸ਼ਗਿਰਦ ਬਣਾਇਆ। ਲਗਨ ਅਤੇ ਸਾਧਨਾ ਨਾਲ ਸੰਗੀਤ ਕਲਾ ਵਿਚ ਪ੍ਰਪੱਕ ਹੁੰਦੇ ਗਏ ਅਤੇ ਆਪ ਉਸਤਾਦ ਗੁਰਦੇਵ ਸਿੰਘ ਸਰੋਦ ਵਾਦਕ ਵਜੋਂ ਹੀ ਪ੍ਰਸਿੱਧ ਹਨ। ਪਰ ਅੱਜ ਉਚੇਰੀ ਬੇਨਤੀ ਤੇ ਦਿਲਰੁਬਾ ਵਾਦਨ ਪੇਸ਼ ਕਰਨਗੇ ਕਿਉਂਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਆਪਣਾ ਸਾਜ ਦਿਲਰੁਬਾ ਸੀ। ਆਪ ਜੀ ਨਾਲ ਦਿਲਰੁਬਾ ਤੇ ਸਾਥ ਦੇਣਗੇ ਆਪ ਦੇ ਹੀ ਸ਼ਗਿਰਦ ਸ. ਉਦੈ ਸਿੰਘ (ਯੂ. ਕੇ.) ਤੋਂ ਅਤੇ ਤਬਲੇ ਤੇ ਸੰਗਤ ਕਰਨਗੇ ਨੌਜਵਾਨ ਸ. ਸਰਬਜੀਤ ਸਿੰਘ ਮਠਾੜੂ ਵੈਨਕੂਵਰ ਵਾਲੇ।

ਉਸਤਾਦ ਗੁਰਦੇਵ ਸਿੰਘ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਪ੍ਰਤੀ ਅਦੁੱਤੀ ਦੇਣ ਬਾਰੇ ਆਪਣੇ ਵਿਚਾਰ ਬੜੇ ਭਾਵਪੂਰਕ ਅੰਦਾਜ ਵਿਚ ਸਰੋਤਿਆਂ ਨਾਲ ਸਾਂਝੇ ਕੀਤੇ। ਉਹਨਾਂ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿਮਰਤੀ ਵਿਚ ਬਹੁਤ ਸੰਗੀਤ ਸੰਮੇਲਨ ਕਰਵਾਏ। ਉਸੇ ਪ੍ਰਪੰਰਾ ਨੂੰ ਉਨ੍ਹਾਂ ਪੈੜ੍ਹਾਂ ਤੇ ਚਲਾ ਰਹੇ ਹਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ।

### ਸ਼ਾਇਰ ਦੇ ਸ਼ਬਦਾਂ ਵਿਚ-

ਆਪ ਨੇ ਸਭ ਤੋਂ ਪਹਿਲੋਂ ਉਸਤਾਦ ਅਮਜਦ ਅਲੀ ਖਾਂ ਦੀ ਮੀਆਂ ਕੀ ਮਲ੍ਹਾਰ ਦੀ ਕੰਪੋਜੀਸ਼ਨ ਦਿਲਰੁਬਾ ਤੇ ਪੇਸ਼ ਕੀਤੀ। ਆਪ ਨੇ ਇਹ ਪੇਸ਼ਕਾਰੀ ਤਿੰਨ ਤਾਲ ਮਧੱਯ ਲੈਅ ਅਤੇ ਦਰੁੱਤ ਲੈਅ 'ਚ ਪੇਸ਼ ਕੀਤੀ। ਦਿਲਰੁਬਾ ਐਨਾ ਮਿੱਠਾ ਤੇ ਸੁਰੀਲਾ ਸਾਜ ਹੈ ਕਿ ਏਸੇ ਲਈ ਇਸ ਸਾਜ ਦਾ ਨਾਮ ਦਿਲ ਨੂੰ ਭਾਉਣ ਵਾਲਾ, ਦਿਲ ਨੂੰ ਛੂਹਣ ਵਾਲਾ ਦਿਲਰੁਬਾ ਹੈ। ਉਸਤਾਦ ਗੁਰਦੇਵ ਸਿੰਘ ਨੇ ਦਿਲਰੁਬਾ ਵਾਦਨ ਵਿਚ ਤਾਂ ਜਿਵੇਂ ਸ੍ਰੋਤਿਆਂ ਨੂੰ ਸਮਾਧੀ ਦੀ ਅਵਸਥਾ ਵਿਚ ਪਹੁੰਚਾ ਦਿੱਤਾ ਅਤੇ ਮਧੱਯ ਲੈ ਦੀ ਪੇਸ਼ਕਾਰੀ ਉਪਰੰਤ ਦਰੁੱਤ ਪੇਸ਼ਕਾਰੀ ਨੇ ਜਿਵੇਂ ਨੱਚਣ ਲਾ ਦਿੱਤਾ ਹੋਵੇ। ਸਮੇਂ ਦੀਆਂ ਸੀਮਾਂ ਨਾਲ ਸਮਝੌਤਾ ਕਰਦਿਆਂ ਦਿਲਰੁਬਾ ਵਾਦਨ ਦਾ ਸਮਾਪਨ ਹੋਇਆ। ਸ੍ਰੀ ਸਤਿਗੁਰੂ ਜੀ ਨੇ ਇਹਨਾਂ ਤਿੰਨਾਂ ਕਲਾਕਾਰਾਂ ਨੂੰ ਸਿਰੋਪਾਓ ਨਾਲ ਨਿਵਾਜਿਆ।

ਡਾ. ਕੰਗ ਜੀ ਨੇ ਮੰਚ ਤੋਂ ਦੱਸਿਆ ਕਿ ਅਸੀਂ ਗਾਇਨ ਤੋਂ ਵਾਦਨ ਵਿਧਾ ਵਿਚ ਪ੍ਰਵੇਸ਼ ਕਰ ਚੁੱਕੇ ਹਾਂ। ਦਿਲਰੁਬਾ ਨਾਲ ਸਾਡੇ ਦਿਲਾਂ ਦੀਆਂ ਧੜਕਨਾ ਇਕ ਸੁਰ ਹੋ ਗਈਆਂ ਹਨ। ਹੁਣ ਰਾਗ ਦੇ ਸੈਂਕੜੇ ਰੰਗ ਬਿਖੇਰਨ ਲਈ ਆ ਰਹੇ ਹਨ ਸੌ ਰੰਗਾਂ ਨਾਲ ਤਰੰਗਤ ਸਾਜ ਸਾਰੰਗੀ ਲੈ ਕ ਦਿਲਸ਼ਾਦ ਖਾਂ ਜੀ। ਜੋ ਮਨੁੱਖੀ ਆਵਾਜ਼ ਦੇ ਸਭ ਤੋਂ ਨੇੜੇ ਹੈ - ਜੋ ਗਲੇ ਤੋਂ ਗਾਇਆ ਜਾ ਸਕਦਾ ਹੈ ਉਹੀ ਸਾਰੰਗੀ ਦੀਆਂ ਤਾਰਾਂ ਚੋਂ ਸੁਣਾਇਆ ਜਾ ਸਕਦਾ ਹੈ। ਪੰਜਾਬੀ ਦੇ ਪ੍ਰਸਿੱਧ ਸ਼ਾਇਰ ਪਾਤਰ ਦੇ ਸ਼ਬਦਾਂ ਵਿਚ -

*ਲਿਆ ਫੜਾ ਮੈਨੂੰ ਤੂੰ ਮੇਰੀ ਸਾਰੰਗੀ।*
*ਦੂਰ ਕਰੀਏ ਸ਼ਹਿਰ ਦੀ ਵੀਰਾਨਗੀ।*

ਮੰਚ ਸੰਚਾਲਕ ਦਸ ਰਹੇ ਸਨ : ਦਸ ਪੀੜੀਆਂ ਤੋਂ ਸਾਰੰਗੀ ਦੀਆਂ ਸੁਰਾਂ ਨਾਲ ਇਕ ਮਿਕ ਹੋਏ ਸਾਰੰਗੀ ਵਾਦਕ ਸ੍ਰੀ ਦਿਲਸ਼ਾਦ ਖਾਂ ਹੁਣ ਆਪਣੀ ਕਲਾ ਦੇ ਜੌਹਰ ਵਿਖਾਉਣਗੇ ਜੋ ਅੱਜ ਭਾਰਤ ਦੇ ਪ੍ਰਸਿੱਧ ਸਾਰੰਗੀ ਵਾਦਕ ਹਨ। ਆਪ ਦੇ ਪਿਤਾ ਉਸਤਾਦ ਨਾਸਿਰ ਖਾਂ (ਸਿਤਾਰ ਵਾਦਕ), ਦਾਦਾ ਉਸਤਾਦ ਗੁਲਾਬ ਖਾਂ ਅਤੇ ਤਾਇਆ ਉਸਤਾਦ ਸੁਲਤਾਨ ਖਾਂ ਹਨ। ਆਪ ਨੇ ਦਾਦਾ, ਪਿਤਾ ਅਤੇ ਤਾਇਆ ਜੀ ਤੋਂ ਸੰਗੀਤ ਸਿਖਿਆ ਗ੍ਰਹਿਣ ਕੀਤੀ। ਪਿਉ ਦਾਦੇ ਜੇਵੇਹਿਆ ਪੋਤਾ ਪਰਵਾਨ ਹੋਇਆ। ਸੰਗੀਤ ਦੀ ਵਿਰਾਸਤ ਨੂੰ ਉਸੇ ਸ਼ੁੱਧ ਸਰੂਪ ਵਿਚ ਸੰਭਾਲਨ ਵਾਲਾ। ਸਾਰੰਗੀ ਦੀਆਂ ਮਧੁਰ ਸੁਰਾਂ ਨਾਲ ਭਾਰਤੀ ਸ਼ਾਸਤਰੀ ਸੰਗੀਤ ਪੂਰੇ ਵਿਸ਼ਵ ਭਰ ਵਿਚ ਫੈਲਾਉਣ ਵਾਲੇ ਸ੍ਰੀ ਦਿਲਸ਼ਾਦ ਖਾਂ ਪਾਸ ਢੇਰ ਸਾਰੇ ਮਾਣ ਸਨਮਾਨ ਹਨ। ਅੱਜਕਲ੍ਹ ਬੰਬਈ ਨਿਵਾਸ ਕਰਦੇ ਹਨ।

### ਕਲਾਕਾਰਾਂ ਦਾ ਸੁਆਗਤ

ਸਾਰੰਗੀ ਨਾਲ ਤਬਲੇ ਤੇ ਸੰਗਤ ਕਰਨਗੇ ਉਸਤਾਦ ਹਨੀਫ ਖਾਂ ਜੀ। ਉਸਤਾਦ ਸੁਲਤਾਨ ਖਾਂ ਜੀ ਦੇ ਖਾਨਦਾਨ ਚੋਂ ਸ੍ਰੀ ਹਨੀਫ ਖਾਂ ਨੇ ਬੜੀ ਛੋਟੀ ਉਮਰ ਤੋਂ ਹੀ ਉਂਗਲਾ ਨਾਲ ਤਬਲੇ ਤੇ ਨ੍ਰਿਤ ਕਰਨਾ ਸ਼ੁਰੂ ਕਰ ਦਿੱਤਾ। ਆਪ ਨੇ ਮੁਢਲੀ ਸਿਖਿਆ ਆਪਣੇ ਦਾਦਾ ਉਸਤਾਦ ਅਜੀਮ ਖਾਂ ਤੋਂ ਗ੍ਰਹਿਣ ਕੀਤੀ ਜੋ ਆਪਣੇ ਜ਼ਮਾਨੇ ਦੇ ਮਹਾਨ ਸਾਰੰਗੀ ਵਾਦਕ ਹੋਏ ਹਨ। ਉਚੇਰੀ ਸਿਖਿਆ ਆਪਣੇ ਪਿਤਾ ਉਸਤਾਦ ਮਜੀਦ ਖਾਂ ਤੋਂ ਅਤੇ ਆਪਣੇ ਵੱਡੇ ਭਰਾ ਅਜੀਜ ਖਾਂ ਅਤੇ ਬਾਬੂ ਖਾਂ ਜੀ ਤੋਂ ਗ੍ਰਹਿਣ ਕੀਤੀ। ਆਪ ਭਾਰਤ ਦੇ ਮਹਾਨ ਸੰਗੀਤ ਗਾਇਕ ਅਤੇ ਵਾਦਕਾਂ ਨਾਲ ਸੰਗਤ ਕਰ ਚੁੱਕੇ ਹਨ।

ਸੂਬਾ ਰੇਸ਼ਮ ਸਿੰਘ ਅਤੇ ਡਾ. ਸੁਨੀਲ ਮੈਸੀ ਨੇ ਸ੍ਰੀ ਦਿਲਸ਼ਾਦ ਖਾਂ ਅਤੇ ਉਸਤਾਦ ਹਨੀਫ ਖਾਂ ਨੂੰ ਫੁੱਲਾਂ ਦੇ ਬੁੱਕੇ ਭੇਟ ਕੀਤੇ।

### ਸਾਰੰਗੀ ਵਾਦਨ :

ਇਹਨਾਂ ਮਹਾਨ ਕਲਾਕਾਰਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਨਤਮਸਤਕ ਹੋ ਅਸ਼ੀਰਵਾਦ ਲੈ ਕੇ ਆਪਣੇ ਸਾਜ ਫੜੇ। ਜਿਉਂ ਹੀ ਸਾਰੰਗੀ ਦੀਆਂ ਤਾਰਾਂ ਤੇ ਗਜ ਫਿਰਿਆ ਪੋਟਿਆਂ ਨੇ ਤਰਬਾਂ ਨੂੰ ਛੁਹਿਆ ਤਾਂ ਇਕ ਦੈਵੀ ਸਰੂਰ ਛਾ ਗਿਆ। ਆਪ ਨੇ ਦੱਖਣੀ ਭਾਰਤ ਦੇ ਰਾਗ, ਰਾਗ ਵਾਚਸਪਤੀ ਵਿਚ ਅਲਾਪ ਕੀਤਾ, ਤਿੰਨ ਤਾਲ ਵਿਚ, ਮੱਧਯ ਲੈਅ ਦੀ ਬੰਦਸ਼ ਨੇ ਰੂਹਾਨੀ ਰੰਗ ਵਿਚ ਸਰੋਤਿਆਂ ਨੂੰ ਰੰਗ ਲਿਆ। ਉਪਰੰਤ ਆਪ ਨੇ ਸਾਰੰਗੀ ਦੇ ਨਾਲ ਸ੍ਰੀ ਮੀਰਾ ਬਾਈ ਜੀ ਦਾ ਭਜਨ ਗਾਇਆ। ਭਜਨ ਦੇ ਬੋਲ ਬੜੇ ਹੀ ਭਗਤੀ ਭਾਵ ਵਾਲੇ ਸਨ :

*ਮ੍ਹਾਰੋ ਪ੍ਰਣਾਮ ਬਾਂਕੇ ਬਿਹਾਰੀ ਕੋ,*
*ਮੋਰ ਮੁਕਟ ਮਾਥੈ ਤਿਲਕ ਬਿਰਾਜੈ,*
*ਕੁੰਡਲ ਅਲਕਾ ਕਾਰੀ ਕੋ।*
*ਅਧਰ ਮਧੁਰ ਘਰ ਧਰ ਬੰਸੀ ਬਜਾਵੈ,*
*ਰੀਝ ਰਿਝਾਵੈ ਰਾਧਾ ਪਿਆਰੀ ਕੋ,*
*ਯਾ ਛਬ ਦੇਖ ਮਗਨ ਭਈ ਮੀਰਾ*
*ਮੋਹਨ ਗਿਰਿਵਰਧਾਰੀ ਕੋ।*

ਏਡੇ ਭਗਤੀ ਭਾਵ ਵਾਲੇ ਬੋਲ ਜਦੋਂ ਗਾਏ ਜਾ ਰਹੇ ਹੋਣ ਇਕ ਸੰਗੀਤ ਸਾਧਕ ਦੁਆਰਾ ਤਾਂ ਬੋਲਾਂ ਦਾ ਦ੍ਰਿਸ਼ ਰੂਪਮਾਨ ਹੋ ਜਾਂਦਾ ਹੈ। ਇਵੇਂ ਹੀ ਜਾਪ ਰਿਹਾ ਸੀ ਕਿ ਭਗਵਾਨ ਦੇ ਸਨਮੁੱਖ ਮੀਰਾ ਬਾਈ ਮਸਤੀ ਵਿਚ ਗਾ ਰਹੀ ਹੋਵੇ। ਸ੍ਰੋਤੇ ਇਨੇ ਮੰਤਰ ਮੁਗਧ ਹੋ ਗਏ ਕਿ ਤਾਲੀਆਂ ਵਜਾਉਣੀਆ ਵੀ ਭੁੱਲ ਗਏ, ਸੰਗੀਤ ਰਸ, ਭਗਤੀ ਰਸ ਵਿਚ ਜਿਵੇਂ ਸਭ ਸ੍ਰੋਤੇ ਸਮਾਧੀ ਲੀਨ ਹੋ ਗਏ ਹੋਣ। ਇਹ ਸਿਖਰ ਸੀ ਦਿਲਸ਼ਾਦ ਖਾਂ ਸਾਹਿਬ ਦੀ ਪੇਸ਼ਕਾਰੀ ਦੀ। ਆਪ ਜੀ ਇਥੇ ਸਮਾਪਤ ਕਰਨਾ ਚਾਹੁੰਦੇ ਸਨ ਪਰ ਸ੍ਰੀ ਸਤਿਗੁਰੂ ਜੀ ਆਪ ਨੂੰ ਸਿਖਰ ਤੋਂ ਅੱਗੇ ਦੀ ਉਡਾਰੀ ਮਾਰਨ ਦਾ ਇਸ਼ਾਰਾ ਕੀਤਾ ਕਿ ਕੁਝ ਹੋਰ ਸੁਣਾਉ। ਸ੍ਰੀ ਦਿਲਸ਼ਾਦ ਜੀ ਨੇ ਰਾਜਸਥਾਨੀ (ਮਾਰਵਾੜੀ) ਲੋਕ ਗਾਇਕੀ ਦੀ ਇਕ ਬੰਦਿਸ਼ ਰਾਗ ਦੇਸ ਛੋਟਾ ਤਿੰਨ ਤਾਲ ਵਿਚ ਬੜੀ ਪਿਆਰੀ ਪੇਸ਼ਕਾਰੀ ਅਤੇ ਫਿਰ ਦਰੁੱਤ ਤਿੰਨ ਤਾਲ ਵਿੱਚ ਬੰਦਿਸ਼ ਪੇਸ਼ ਕੀਤੀ।

### ਸੋਵੀਨਰ' ਰਲੀਜ਼-

ਡਾ. ਰਮਿੰਦਰਪਾਲ ਨੇ ਮੁੜ ਮੰਚ ਸੰਭਾਲਿਆ, ਸਤਿਗੁਰੂ ਜੀ ਨੂੰ ਸਨਿਮਰ ਬੇਨਤੀ ਕੀਤੀ ਕਲਾਕਾਰਾਂ ਨੂੰ ਸਿਰੋਪਾਓ ਬਖਸ਼ਣ ਲਈ। ਸ੍ਰੀ ਦਿਲਸ਼ਾਦ ਖਾਂ ਅਤੇ ਉਸਤਾਦ ਹਨੀਫ ਖਾਂ ਨੇ ਸ੍ਰੀ ਸਤਿਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਡਾ. ਰਮਿੰਦਰਪਾਲ ਨੇ ਸੰਗੀਤ ਪ੍ਰੇਮੀਆਂ ਨੂੰ ਇਕ ਮਹੱਤਵਪੂਰਨ ਰਸਮ ਬਾਰੇ ਦੱਸਿਆ ਕਿ ਵਿਰਾਸਤ ਫਾਊਂਡੇਸ਼ਨ ਵਲੋਂ ਤਿਆਰ 'ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮਰਪਿਤ ਸੋਵੀਨਰ' ਰਲੀਜ਼ ਕੀਤਾ ਜਾਵੇਗਾ। ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਸ੍ਰੀ ਭੁਪਿੰਦਰ ਮਲ੍ਹੀ ਜੀ, ਜਸਪਾਲ ਸਿੰਘ ਰੰਧਾਵਾ, ਰਣਜੀਤ ਸਿੰਘ ਕਲਸੀ, ਕਮਲਜੀਤ ਸਿੰਘ ਖੰਘੂਰਾ ਹਾਜ਼ਰ ਹੋਏ। ਬੇਟੀ ਜੈ ਕੌਰ ਇਕ ਸੁੰਦਰ ਫਰੇਮ ਵਿਚ ਸੋਵੀਨਰ ਦੀ ਕਾਪੀ ਲੈ ਕੇ ਆਈ - ਇਹਨਾਂ ਪ੍ਰਮੁੱਖ ਸੱਜਣਾਂ ਨੇ ਬੜੇ ਅਦਬ ਨਾਲ ਸੋਵੀਨਰ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤਾ। ਸ੍ਰੀ ਹਜ਼ੂਰ ਨੇ ਲੋਕ ਅਰਪਨ ਦੀ ਰਸਮ ਨਿਭਾਈ। ਮੁੱਖ ਪੰਨੇ ਤੇ ਖਿੜੇ ਗੁਲਾਬ ਵਰਗੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁੰਦਰ ਤਸਵੀਰ ਵਾਲਾ ਲੈਂਡ ਸਕੇਪ ਸੋਵੀਨਰ ਬਹੁਤ ਸੁੰਦਰ ਦਿੱਖ ਦੇ ਨਾਲ ਬੇਸ਼ਕੀਮਤੀ ਲੇਖ ਅਤੇ ਦਸਤਾਵੇਜਾਂ ਨਾਲ ਭਰਪੂਰ ਇਕ ਸਾਂਭਣਯੋਗ ਸੋਵੀਨਰ ਹੈ। ਸ੍ਰੀ ਮਲ੍ਹੀ ਜੀ ਦਾ ਸੰਦੇਸ਼ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਅਸੀਸ ਸ਼ਬਦ, ਪੰਜਾਬੀ ਅਤੇ ਅੰਗਰੇਜ਼ੀ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਵਿਦਵਤਾ ਭਰਪੂਰ ਲੇਖ ਅਤੇ ਇਤਿਹਾਸਕ ਤਸਵੀਰਾਂ ਨਾਲ ਸੁ-ਸੱਜਤ, ਆਰਟ ਪੇਪਰ ਤੇ ਸੁੰਦਰ ਸੋਵੀਨਰ ਬੜਾ ਆਕਰਸ਼ਕ ਹੈ। ਮੰਚ ਤੋਂ ਦੱਸਿਆ ਗਿਆ ਇਹ ਯਾਦਗਾਰੀ ਸੋਵੀਨਰ ਸੰਗੀਤ ਪ੍ਰੋਗਰਾਮ ਸਮਾਪਤੀ ਉਪਰੰਤ ਤੁਸੀਂ ਮੁਫਤ ਪ੍ਰਾਪਤ ਕਰ ਸਕੋਗੇ। ਹੁਣ 15 ਮਿੰਟ ਦੀ ਬਰੇਕ - ਹਲਕਾ ਜਲ ਕਰਕੇ ਸਮੇਂ ਅਨੁਸਾਰ ਮੁੜ ਹਾਜ਼ਰ ਹੋਵੋ ਅਤੇ ਅੱਜ ਦੇ ਪ੍ਰੋਗਰਾਮ ਦੇ ਆਖਰੀ ਕਲਾਕਾਰਾਂ ਦਾ ਅਨੰਦ ਮਾਣ ਸਕੋ।

### ਬਾਂਸੁਰੀ ਦੀਆਂ ਮਧੁਰ ਸੁਰਾਂ-

ਬਾਂਸੁਰੀ ਸੁਣਨ ਦੀ ਕਸ਼ਿਸ਼ ਸੰਗੀਤ ਪ੍ਰੇਮੀਆਂ ਨੂੰ ਬਹੁਤ ਜਲਦੀ ਵਾਪਿਸ ਲੈ ਆਈ।

ਜਿਉਂ ਹੀ ਮੰਚ ਤੇ ਪ੍ਰਵੇਸ਼ ਕੀਤਾ ਪੰਡਤ ਰੋਨੂੰ ਮਜ਼ੂਮਦਾਰ ਜੀ ਅਤੇ ਪੰਡਿਤ ਸੁਵਪਨ ਚੌਧਰੀ ਨੇ ਤਾਂ ਸੰਗੀਤ ਪ੍ਰੇਮੀਆਂ ਨੇ ਭਰਪੂਰ ਤਾਲੀਆਂ ਨਾਲ ਅਭਿਨੰਦਨ ਕੀਤਾ। ਕਲਾਕਾਰਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਨਤਮਸਤਕ ਹੋ ਸ੍ਰੋਤਿਆਂ ਦਾ ਅਭਿਨੰਦਨ ਹੱਥ ਜੋੜ ਪ੍ਰਵਾਨਿਆ। ਸ੍ਰੀ ਗਣੇਸ਼ ਨੰਦਾ ਜੀ ਅਤੇ ਸ੍ਰੀ ਰਣਜੀਤ ਜੱਸਲ ਜੀ ਨੇ ਕਲਾਕਾਰਾਂ ਨੂੰ ਫੁੱਲਾਂ ਦੇ ਬੁੱਕੇ ਭੇਟ ਕੀਤੇ। ਬਾਂਸੁਰੀ ਅਤੇ ਤਬਲੇ ਨਾਲ ਤਾਨਪੁਰੇ ਤੇ ਸੰਗਤ ਕਰਨ ਲਈ ਸ. ਕਮਲਜੀਤ ਸਿੰਘ ਖੰਘੂਰਾ (ਨਾਮਧਾਰੀ) ਦੀ ਬੇਟੀ ਬੀਬੀ ਕਰਤਾਰ ਕੌਰ ਮੰਚ ਤੇ ਹਾਜ਼ਰ ਹੋਈ ਜਿਸਨੂੰ ਸ੍ਰੀ ਭੁਪਿੰਦਰ ਮੱਲ੍ਹੀ ਜੀ ਨੇ ਫੁੱਲਾਂ ਨਾਲ ਜੀਓ ਆਇਆਂ ਕਿਹਾ।

ਮੰਚ ਸੰਚਾਲਨ ਕੰਗ ਜੀ ਆਖ ਰਹੇ ਸਨ - ਬਾਂਸੁਰੀ ਦਾ ਨਾ ਸੁਣਦਿਆਂ ਹੀ ਭਗਵਾਨ ਕ੍ਰਿਸ਼ਨ ਦਾ ਨਾਮ ਯਾਦ ਆਉਂਦਾ ਹੈ, ਜਿਨਾਂ ਦੀ ਬਾਂਸੁਰੀ ਦੀਆਂ ਮਧੁੱਰ ਸੁਰਾਂ ਅੱਜ ਵੀ ਸ਼ਰਧਾਲੂਆਂ ਦੇ ਹਿਰਦਿਆਂ ਵਿਚ ਗੂੰਜਦੀਆਂ ਹਨ ਅਤੇ ਸੁਰਜੀਤ ਪਾਤਰ ਜੀ ਦਾ ਸ਼ੇਅਰ ਕੇਡਾ ਢੁਕਵਾਂ ਹੈ ਬਾਂਸੁਰੀ ਲਈ :

*ਲਿਖਤੁਮ ਨੀਲੀ ਬਾਂਸੁਰੀ,*
*ਅੱਗੇ ਸੂਹੀ ਅੱਗ।*
*ਆ ਲੈ ਦੀਪਕ ਰਾਗ ਸੁਣ*
*ਹੋਂਦ ਮੇਰੀ ਨੂੰ ਲੱਗ।*

### ਵਿਰਾਸਤ ਫਾਊਂਡੇਸ਼ਨ ਦੇ ਉਦਮ ਸਦਕਾ-

ਕੰਗ ਜੀ ਨੇ ਪੰਡਿਤ ਰੋਨੂੰ (ਮਜ਼ੂਮਦਾਰ) ਅਤੇ ਪੰਡਿਤ ਸੁਵਪਨ ਚੌਧਰੀ ਜੀ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ, ਪੰਡਿਤ ਰੋਨੂੰ ਮਜ਼ੂਮਦਾਰ ਜੀ ਨੂੰ ਸੰਗੀਤ ਪ੍ਰੇਮ ਵਿਰਸੇ ਵਿਚ ਹੀ ਮਿਲਿਆ।। ਆਪ ਸੰਗੀਤ ਜਗਤ ਵਿੱਚ ਅੱਜ ਭਾਰਤੀ ਸਾਸ਼ਤਰੀ ਸੰਗੀਤ ਦੇ ਚਮਕਦੇ ਸਿਤਾਰੇ ਹਨ। ਬਹੁਤ ਸਾਰੇ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਮਾਣ ਸਨਮਾਨਾਂ ਨਾਲ ਅੰਲਕ੍ਰਿਤ ਪੰਡਿਤ ਜੀ ਵਿਸ਼ਵ ਭਰ ਵਿਚ ਹਜ਼ਾਰਾਂ ਪ੍ਰੋਗਰਾਮ ਪੇਸ਼ ਕਰ ਚੁੱਕੇ ਹਨ। ਪੰਡਿਤ ਹਰੀ ਪ੍ਰਸ਼ਾਦ ਚੌਰਸੀਆ ਜੀ ਤੋਂ ਬਾਅਦ ਬਾਂਸੁਰੀ ਵਾਦਨ ਵਿਚ ਕੇਵਲ ਆਪ ਜੀ ਦਾ ਨਾਮ ਹੀ ਲਿਆ ਸਜਦਾ ਹੈ। ਪੰਡਿਤ ਰੋਨੂੰ ਮਜ਼ੂਮਦਾਰ, ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਵੀ ਬਾਂਸੁਰੀ ਵਾਦਨ ਪੇਸ਼ ਕਰ ਚੁਕੇ ਹਨ। ਆਪ ਦੀ ਬਾਂਸੁਰੀ ਦਾ ਸਾਈਜ਼ ਅਤੇ ਪੇਸ਼ਕਾਰੀ ਦੋਵੇਂ ਨਿਵੇਕਲੇ ਹਨ ਅਤੇ ਆਪ ਨਾਲ ਤਬਲੇ ਤੇ ਸੰਗਤ ਕਰ ਰਹੇ ਹਨ ਪੰਡਤ ਸਪਨ ਚੌਧਰੀ ਜੀ, ਆਪ ਨੇ ਲਖਨਊ ਘਰਾਣੇ ਦੇ ਪੰਡਤ ਸੰਤੋਸ਼ ਕ੍ਰਿਸ਼ਨ ਬਿਸਵਾਸ ਤੋਂ ਵਿਦਿਆ ਗ੍ਰਹਿਣ ਕੀਤੀ। ਸੰਗੀਤ ਨਾਟਕ ਅਕੈਡਮੀ (ਭਾਰਤ), ਅਮੈਰਿਕਨ ਅਕੈਡਮੀ ਆਪ ਆਰਟਿਸ ਅਵਾਰਡ ਅਤੇ ਐਕਸਲੈਂਡ ਇਨ ਪਰਫਾਰਮਿੰਗ ਆਰਟ ਅਵਾਰਡ ਜਹੇ ਅਨੇਕਾਂ ਮਾਣ ਸਨਮਾਨ ਆਪ ਜੀ ਦੀ ਝੋਲੀ ਪੈ ਚੁਕੇ ਹਨ। ਭਾਰਤੀ ਸਾਸ਼ਤਰੀ ਸੰਗੀਤ ਦੇ ਸਾਰੇ ਸ਼੍ਰੋਮਣੀ ਗਾਇਕ ਅਤੇ ਵਾਦਕ ਕਲਾਕਾਰਾਂ ਨਾਲ ਆਪ ਤਬਲੇ ਤੇ ਸੰਗਤ ਕਰ ਚੁਕੇ ਹਨ। ਅੱਜ ਵਿਰਾਸਤ ਫਾਊਂਡੇਸ਼ਨ ਦੇ ਉਦਮ ਸਦਕਾ ਇਹਨਾਂ ਮਹਾਨ ਕਲਾਕਾਰਾਂ ਨੂੰ ਅਸੀਂ ਸਾਰੇ ਸੁਣ ਸਕਾਂਗੇ।


ਬਾਂਸੁਰੀ ਤੇ ਅਲਾਪ ਸ਼ੁਰੂ ਹੁੰਦਿਆਂ ਹੀ ਸ੍ਰੋਤੇ ਕੀਲੇ ਗਏ। ਆਪ ਨੇ ਰਾਗ ਅਭੋਗੀ ਕਾਨੜਾ ਝੱਪ ਤਾਲ ਪੇਸ਼ ਕੀਤਾ। ਅਭੋਗੀ ਕਾਨੜਾ ਤਿੰਨ ਤਾਲ ਵਿਚ ਪੇਸ਼ਕਾਰੀ ਸ੍ਰੋਤਿਆਂ ਨੂੰ ਮਦਹੋਸ਼ ਕਰਨ ਵਾਲੀ ਸੀ।

ਪੰਡਤ ਲਛਮਣ ਪ੍ਰਸਾਦ ਜੈਪੁਰ ਵਾਲਿਆਂ ਦੀ ਬੰਦਿਸ਼ 'ਅਬ ਕੈਸੇ ਬਨੇ ਮੋਰੀ ਬਾਤ ਸਜਨੀ' ਬਾਂਸੁਰੀ ਤੇ ਪੇਸ਼ ਕੀਤੀ। ਆਪ ਨੇ ਉਸਤਾਦ ਅਲੀ ਅਕਬਰ ਖਾਂ ਤੋਂ ਸਿਖੀ ਰਾਗ ਦੇਸ਼ ਮਲ੍ਹਾਰ 'ਚ ਵਿਸ਼ੇਸ਼ ਗਤ ਪੇਸ਼ ਕੀਤੀ। ਬੰਸੁਰੀ ਦੇ ਅਨੇਕ ਰੰਗ ਮਾਨਣ ਉਪਰੰਤ ਵੀ ਸ੍ਰੋਤਿਆਂ ਦੀ ਇਛਾ ਕੋਈ ਲੋਕ ਸੰਗੀਤ ਸੁਣਨ ਦੀ ਸੀ। ਇਸ ਲਈ ਸਾਹਮਣੇ ਬੈਠੇ ਸੰਗੀਤ ਪ੍ਰੇਮੀਆਂ ਦੀ ਫਰਮਾਈਸ਼ ਆਈ- 'ਹੀਰ ਸੁਣਾਓ' ਹੀਰ ਭਾਵੇਂ ਅਨੇਕਾਂ ਕਵੀਆਂ ਨੇ ਲਿਖੀ ਪਰ ਲੋਕ ਮਨਾਂ ਵਿਚ 'ਹੀਰ' ਵਾਰਸ਼ ਸ਼ਾਹ ਦੀ ਹੈ। ਸੱਤ ਸੰਮੁਦਰੋਂ ਪਾਰ ਬੈਠੇ ਭਾਰਤੀਆਂ ਵਿਚ ਭਾਵੇਂ ਉਹ ਪੰਜਾਬੀ ਹੋਣ ਜਾਂ ਹਿੰਦੀ। ਵਾਰਸ ਦੀ ਹੀਰ ਲੋਕਾਂ ਦੇ ਦਿਲਾਂ ਦੀ ਧੜਕਣ ਹੈ। ਬੰਸਰੀ ਸੂਫੀਆਨਾ ਅੰਦਾਜ਼ ਵਿਚ ਗਾਉਣ ਲੱਗੀ

*ਹੀਰ ਆਖਦੀ ਜੋਗੀਆ ਝੂਠ ਆਖੇ*
*ਕੌਣ ਰੁਠੜੇ ਯਾਰ ਮਨਾਵਦਾ ਈ।*

ਹਾਲ ਤਾਲੀਆਂ ਨਾਲ ਗੂੰਜ ਉਠਿਆ। ਹੀਰ ਦੀਆਂ ਵੈਰਾਗਮਈ ਸੁਰਾਂ ਨਾਲ ਹੀ 'ਸਮਾਤਮ ਸਤਿ' ਹੋਇਆ। ਸ੍ਰੀ ਸਤਿਗੁਰੂ ਜੀ ਸਮਾਗਮ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਚਿੱਤਰ ਪ੍ਰਦਰਸ਼ਨੀ ਵੇਖਣ ਆਏ, ਨਾਲ ਇਥੋਂ ਦੇ ਨੌਜਵਾਨ। ਕਰੀਬ 15-20 ਮਿੰਟ ਬੜੀ ਰੀਝ ਨਾਲ ਆਪ ਜੀ ਨੇ ਪ੍ਰਦਰਸ਼ਨੀ ਵੇਖੀ। ਵਿਰਾਸਤ ਫਾਊਂਡੇਸ਼ਨ ਵਲੋਂ ਸ੍ਰੋਤਿਆਂ ਲਈ ਲੰਗਰ ਦਾ ਪ੍ਰਬੰਧ ਬਹੁਤ ਵਧੀਆ ਸੀ। ਸ੍ਰੀ ਨਾਨਕ ਫੂਡਜ਼ ਵਲੋਂ ਵੀ ਸੰਗੀਤ ਪ੍ਰੇਮੀਆਂ ਦੇ ਜਲਪਾਨ ਦੀ ਸੇਵਾ ਲਈ ਇਕ ਵਖਰਾ ਸਟਾਲ ਲਗਾਇਆ ਗਿਆ ਸੀ।

■



## DISCOURSES
## SRI SATGURU JAGJIT SINGH JI

# MEDITATING ON NAAM

In His discourses, Sri Satguru Partap Singh Ji narrates the account of Lord Krishna and the *Gopis*. When the *Gopis* enjoyed the transcendental company of Lord Krishna, they became so proud and thought that the Lord was within their control. No sooner did they think such; their Lord disappeared amidst them in order to curb their pride. Not able to cope with the loss of their beloved Lord, the *Gopis* prayed for Him to reappear and sought the help of the saints of *Satyug*, *Treta* and *Duapar*, but to no avail. Finally, when they beseeched Him through the saints of *Kalyug*, Lord Krishna appeared in a instant. Astounded at this occurrence, the *Gopis* asked why the Lord accepted their prayers through the saints of *Kalyug* despite the fact that the saints of the preceding three *Yugas* are known to have carried out much lengthier and arduous penances. The Lord answered that it was much easier to meditate in the earlier ages where *dharma* was strong and the environment more conducive for devotion to God. Whereas in *Kalyg*, *dharma* is weaker and the tendency of devotion towards God is far less, therefore those who take the time to meditate in *Kalyug* are truly blessed.

# INVESTITURE CEREMONY




**Head boy Yogesh Sharma and Head Girl Balwant Kaur taking oath.**

**Report-2016-17-**The Investiture ceremony is a symbolic ceremony of handing over duties to young aspirants. These children learn the values of discipline, good conduct and good behaviour. This is an empowerment to the students, training them to manage affairs on their own in managing the affairs of the school.

The transfer of power and responsibility was done in the presence of Mr. Shiv Charan Goyal (MLA and Chief Parliamentary Secretary (Finance) Delhi Govt, Mr. H.S.Hanspal, Members of Managing Committee, Principal, Vice Principal and teachers. The event commenced with warm welcome of the Chief Guest with a bouquet of flowers. The newly elected council, Head boy- Yogesh Sharma, Head girl- Balwant Kaur, Deputy Head boy, Deputy Head girl, Ministers, Captains, Prefects of four houses including Bal Sabha paraded the glorious aisle and received their badges of pride.

They were honoured and presented saches and badges by the Chief Guest Mr. Shiv Charan Goyal and all the guests. The new leaders pledged to uphold the ideals and ethics of the school and work towards the accomplishment of its goal.

The Chief Guest in his brief address to students congratulated them and advised them to do their best to keep the school in high spirits and fulfil their responsibilities whole heartedly and to maintain the decorum of the school discipline. He gave the example of Sakshi and P.V.Sindhu who won medals in Olympics.

The Head Girl Miss Balwant Kaur expressed her gratitude to the school authorities for considering her eligibilities and making her Head Girl. She is feeling herself more responsible. Miss Shivani Deputy Head Girl also felt honoured to be a deputy Head Girl and promised herself to work with full devotion for raising school standards. Mr. Yogesh and Mr. Karam Singh also were very happy to be Head Boy and Deputy Head Boy. They felt that they would be able to contribute in the school parliament and maintain the school standards.



**Chairman H. S. Hanspal and Suba Sukhdev Singh, Suba Arvind Singh welcoming the chief guest Shivcharan Goel MLA**



**Member of the School Parliament.**

# ਫਗਵਾੜਾ ਵਿਖੇ ਸਲਾਨਾ ਜਪ ਪ੍ਰਯੋਗ ਆਰੰਭ...(ਬਾਕੀ ਸਫਾ 2 ਦੀ)



**ਕਾਕਾ ਗੁਰਮੀਤ ਸਿੰਘ ਦਿਵਾਨ ਸਜਾਉਂਦਾ ਹੋਇਆ।**

ਮਨਾਉਂਦੀ ਆ ਰਹੀ ਹੈ।

ਅੱਜ ਦੇ ਇਸ ਸਮਾਗਮ ਵਿਚ ਪਾਠਾਂ ਦੇ ਭੋਗ ਉਪਰੰਤ ਸਵੇਰੇ ਠੀਕ 10 ਵਜੇ ਕਵਿਤਾਵਾਂ ਅਤੇ ਦਿਵਾਨਾਂ ਦਾ ਪ੍ਰਵਾਹ ਚਲਿਆ। ਸਭ ਤੋਂ ਪਹਿਲਾਂ ਇਕ ਛੋਟੀ ਬੱਚੀ ਰੰਗਾ ਕੌਰ ਨੇ ਕੁਝ ਮਿੰਟਾਂ ਵਿਚ *ਸਤਿਗੁਰੂ ਪ੍ਰਤਾਪ ਸਿੰਘ ਕੀਤੇ ਉਪਕਾਰ ਸੀ*। ਇਕ ਕਵਿਤਾ ਪੜ੍ਹੀ। ਇਕ ਹੋਰ ਬੱਜੀ ਜੈ ਕੌਰ ਨੇ ਕੁਝ ਮਿੰਟਾਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਡੇ ਤੇ ਜੋ ਪਰਉਪਕਾਰ ਕੀਤੇ ਸਾਧ ਸੰਗਤ ਨੂੰ ਸਰਵਣ ਕਰਵਾਏ। 10.30 ਵਜੇ ਕਾਕਾ ਗੁਰਮੀਤ ਸਿੰਘ ਪੁੱਤਰ ਗੁਰਮਿੰਦਰ ਸਿੰਘ ਨੇ –

*ਵਡੇ ਪ੍ਰਤਾਪ ਵਾਲਿਆ ਇਹ ਪ੍ਰਤਾਪ ਤੁਹਾਰਾ।*

ਸ਼ਬਦ ਦੀ ਧਾਰਨਾ ਲੈ ਕੇ 20 ਕੁ ਮਿੰਟ ਦਾ ਦਿਵਾਨ ਲਗਾਇਆ ਤੇ ਦੱਸਿਆ ਕਿ ਇਕ ਮਾਈ ਦਾ ਪੁੱਤਰ ਬਹੁਤ ਬਿਮਾਰ ਹੋ ਗਿਆ ਉਸਨੇ ਸੱਚੇ ਪਾਤਸ਼ਾਹ ਅਗੇ ਅਰਦਾਸ ਕੀਤੀ ਤੇ ਕਿਵੇਂ ਉਸਦੇ ਪੁੱਤਰ ਨੂੰ ਮੌਤ ਦੇ ਮੂੰਹ ਵਿਚੋਂ ਕੱਢਿਆ ਵਿਸਥਾਰ ਪੂਰਵਕ ਦੱਸਿਆ। ਮੇਰੇ ਵੱਡ ਪ੍ਰਤਾਪੀ ਸਤਿਗੁਰੂ ਨੇ ਕਈਆਂ ਨੂੰ ਦੁੱਧ ਪੁੱਤਰ ਦੀ ਦਾਤ ਬਖਸ਼ੀ ਅਤੇ ਅਨੇਕਾਂ ਸਿੱਖਾਂ ਦੇ ਦੁੱਖ ਦੂਰ ਕੀਤੇ। ਉਹਨਾਂ ਅਖੀਰ ਵਿੱਚ–

*ਉਨੇਂ ਨਹੀਂ ਅਸਮਾਨ ਵਿਚ ਤਾਰੇ*
*ਜਿਨਿਆਂ ਨੂੰ ਤੂੰ ਤਾਰਿਆ।*

ਸ਼ਬਦ ਪੜ੍ਹਕੇ ਦਿਵਾਨ ਦੀ ਸਮਾਪਤੀ ਕੀਤੀ। ਇਹਨਾਂ ਤੋਂ ਬਾਅਦ ਬੀਬੀ ਕੁਲਜੀਤ ਕੌਰ ਨੇ

*ਵਡੇ ਪ੍ਰਤਾਪ ਵਾਲਿਆ*
*ਧੰਨ ਤੂੰ ਧੰਨ ਤੇਰੀ ਕਮਾਈ।*

ਇਹ ਗੀਤ ਬਹੁਤ ਹੀ ਮਧੁਰ ਆਵਾਜ਼ ਵਿਚ ਗਾਇਆ। ਤਬਲੇ ਤੇ ਇਹਨਾ ਦਾ ਸਾਥ ਇਹਨਾਂ ਦੇ ਪਤੀ ਸ. ਜਸਕਰਨ ਸਿੰਘ ਨੇ ਨਿਭਾਇਆ। ਉਪਰੰਤ ਸੰਤ ਕੁਲਵੰਤ ਸਿੰਘ ਚਾਨਾ ਨੇ –

*ਵੱਡੀ ਤੇਰੀ ਵਡਿਆਈ*
*ਵੱਡੇ ਮੇਰੇ ਸਾਹਿਬਾ।*

ਸ਼ਬਦ ਦੀ ਧਾਰਨਾ ਲੈ ਕੇ ਕੁਝ ਸਮਾਂ ਦਿਵਾਨ ਸਜਾ ਕੇ ਸਤਿਗੁਰ ਦਾ ਜੱਸ ਸਾਧ ਸੰਗਤ ਨੂੰ ਸਰਵਣ ਕਰਵਾਇਆ। ਗਿਆਰਾਂ ਵਜੇ ਬੀਬੀ ਅਮਨਦੀਪ ਕੌਰ ਨੇ ਉਚੀਆਂ ਸੁਰਾਂ ਵਿਚ ਹੱਲੇ ਦਾ ਦਿਵਾਨ ਲਗਾਇਆ। ਇਹਨਾਂ ਦੇ ਨਾਲ ਹਾਰਮੋਨੀਅਮ ਤੇ ਬੀਬੀ ਇਕਵਿੰਦਰ ਕੌਰ ਤੇ ਢੋਲਕੀ ਤੇ ਰੰਗਾ ਸਿੰਘ ਪੁੱਤਰ ਗੁਰਮਿੰਦਰ ਸਿੰਘ, ਰੰਗਾ ਸਿੰਘ ਪੁੱਤਰ ਗੁਰਚਰਨ ਸਿੰਘ, ਬਿਕਰਮ ਕੌਰ, ਤਜਿੰਦਰ ਕੌਰ, ਵੀਰਪਾਲ ਕੌਰ, ਬਲਵੰਤ ਕੌਰ, ਪਲਵਿੰਦਰ ਕੌਰ, ਤਾਰਨ ਕੌਰ, ਨਰਿੰਦਰ ਕੌਰ, ਗਿਆਨ ਕੌਰ ਤੇ ਰਜਵਿੰਦਰ ਕੌਰ ਆਦਿ ਨੇ ਆਪਣਾ ਸਾਥ ਬਾਖੂਭੀ ਨਿਭਾਇਆ। ਧਾਰਨਾ–

*ਸਾਰੇ ਦੁੱਖ ਭੁੱਲ ਜਾਣਗੇ*
*ਨਹੀਓਂ ਭੁੱਲਣਾ ਵਿਛੋੜਾ ਤੇਰਾ।*

ਸ਼ਬਦ ਪੜ੍ਹਦਿਆਂ ਉਹਨਾਂ ਸਤਿਗੁਰਾਂ ਦੇ ਸਾਧ ਸੰਗਤ ਤੇ ਕੀਤੇ ਉਪਕਾਰਾਂ ਦਾ ਜ਼ਿਕਰ ਕਰਦਿਆਂ ਆਖਿਆ ਇਕ ਪਰਿਵਾਰ ਦਾ ਪੁੱਤਰ ਬਿਮਾਰ ਹੋ ਗਿਆ ਘਰ ਵਾਲਿਆਂ ਸਤਿਗੁਰਾਂ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀ ਕਿਰਪਾ ਕਰੋ। ਸੱਚੇ ਪਾਤਸ਼ਾਹ ਨੇ ਮੰਜੇ ਤੇ ਪਏ ਹੋਏ ਤੇ ਹੀ ਉਸਦੇ ਸਰੀਰ ਤੇ ਹੱਥ ਫੇਰਕੇ ਆਖਿਆ ਉਠ ਪੁੱਤਰ ਅਸੀਂ ਅਜੇ ਤੇਰੇ ਕੋਲੋਂ ਬਹੁਤ ਕੰਮ ਲੈਣੇ ਹਨ ਤੇ ਉਹਨਾਂ ਦਾ ਪੁੱਤਰ ਉਠ ਖੜੋਇਆ। ਮੇਰੇ ਸਤਿਗੁਰਾਂ ਨੇ ਮਰਿਆਂ ਨੂੰ ਜੀਵਾਇਆ।

ਇਸੇ ਤਰ੍ਹਾਂ ਉਹਨਾਂ ਦੱਸਿਆ ਕਿ ਸੱਚੇ ਪਾਤਸ਼ਾਹ ਜੀ ਦਾ ਆਖਰੀ ਦੌਰਾ ਮੰਡੀ ਦਾ ਸੀ। ਉਥੇ ਸਿਹਤ ਕੁਝ ਜ਼ਿਆਦਾ ਢਿਲੀ ਹੋ ਗਈ। ਉਥੋਂ ਵਾਪਸੀ ਤੇ ਆਉਂਦਿਆਂ ਜਦੋਂ ਫਗਵਾੜੇ ਪਹੁੰਚੇ ਤਾਂ ਸੱਚੇ ਪਾਤਸ਼ਾਹ ਨੇ ਸੰਤ ਪ੍ਰੀਤਮ ਸਿੰਘ ਨੂੰ ਆਖਿਆ ਅਸੀਂ ਤੇਰੇ ਪਿੰਡ ਜਾਣ ਦਾ ਵਾਅਦਾ ਕੀਤਾ ਸੀ ਜਦੋਂ ਤੇਰਾ ਪਿੰਡ ਆਵੇ ਤਾਂ ਦਸ ਦੇਵੀਂ ਤਾਂ ਉਸ ਵੇਲੇ ਪਿੰਡ ਪੱਦੀਖਾਲਸਾ ਦੇ ਬਾਹਰਵਾਰ ਇਕ ਖੂਹ ਤੇ ਸਾਧ ਸੰਗਤ ਨੂੰ ਦਰਸ਼ਨ ਦਿੱਤੇ ਤੇ ਉਥੇ ਲੰਗਰ ਵੀ ਕੀਤਾ। ਇਥੋਂ ਹੋ ਕੇ ਸੱਚੇ ਪਾਤਸ਼ਾਹ ਜੀ ਨੂੰ ਸਿੱਧੇ ਸ੍ਰੀ ਭੈਣੀ ਸਾਹਿਬ ਛੱਪਰ ਵਾਲੇ ਗੋਲ ਮੰਦਰ ਵਿਖੇ ਲਿਜਾਇਆ ਗਿਆ। ਡਾਕਟਰਾਂ ਨੇ ਨਬਜ਼ ਦੇਖੀ ਪਰ ਕਿਸੇ ਦੀ ਸਮਝ ਵਿਚ ਕੁਝ ਨਾ ਆਇਆ ਤੇ ਆਖਿਆ ਇਨ੍ਹਾਂ ਨੂੰ ਕੋਈ ਬਿਮਾਰੀ ਨਹੀਂ ਹੈ ਇਹ ਤਾਂ ਕੋਈ ਭਾਣਾ ਵਰਤਾਉਣ ਲਗੇ ਨੇ। ਧਾਰਨਾ–

*ਵੈਦਾ ਮੇਰੀ ਵੇ ਬਾਂਹ ਛੱਡਦੇ*
*ਇਹਨਾਂ ਨਾੜੀਆਂ ਚੋਂ ਰੋਗ ਨਹੀਉਂ ਲੱਭਣਾ।*

ਤੇ ਉਥੇ ਹੀ ਸੱਚੇ ਪਾਤਸ਼ਾਹ ਨੇ ਦੇਹ ਦਾ ਓਹਲਾ ਕਰ ਲਿਆ। ਸੰਗਤ ਆਪਣੇ ਪਿਆਰੇ ਦੀ ਯਾਦ ਵਿਚ ਭੁੱਬਾਂ ਮਾਰ ਮਾਰ ਕੇ ਰੋ ਰਹੀ ਸੀ। ਧਾਰਨਾ–

*ਅੱਜ ਕੁੱਲ ਦੁਨੀਆਂ ਦਾ ਵਾਲੀ*
*ਭੈਣੀ ਸੁੰਨੀ ਛੱਡ ਚਲਿਆ।*

ਅਤੇ

*ਅਸੀਂ ਵਿਛੜੇ ਨਾ ਮਰ ਜਾਈਏ*
*ਇਕ ਵਾਰੀ ਆਜਾ ਪ੍ਰੀਤਮਾ।*

ਆਦਿ ਸ਼ਬਦ ਪੜ੍ਹਕੇ ਦਿਵਾਨ ਦੀ ਸਮਾਪਤੀ ਕੀਤੀ। ਇਸ ਤੋਂ ਬਾਅਦ 12.30 ਵਜੇ ਸੰਤ ਦਵਿੰਦਰ ਸਿੰਘ ਸੱਗੂ ਨੇ ਦਿਵਾਨ ਸਜਾਇਆ। ਉਹਨਾਂ ਨਾਲ ਢੋਲਕੀ ਤੇ ਸੰਤ ਅਵਤਾਰ ਸਿੰਘ ਅਤੇ ਸੰਤ ਸੰਤਾ ਸਿੰਘ ਨੇ ਸਾਥ ਦਿੱਤਾ ਤੇ ਬਾਕੀ ਜਥੇ ਦੇ ਮੈਂਬਰ ਸੰਤ ਕੁਲਬੰਤ ਸਿੰਘ, ਉਂਕਾਰ ਸਿੰਘ, ਜਗਦੀਪ ਸਿੰਘ, ਲਖਵਿੰਦਰ ਸਿੰਘ, ਹੀਰਾ ਸਿੰਘ, ਸਵਰਨ ਸਿੰਘ, ਸ਼ਾਮ ਸਿੰਘ, ਰੰਗਾ ਸਿੰਘ ਤੇ ਗੁਰਮੀਤ ਸਿੰਘ ਆਦਿ ਨੇ ਵੀ ਆਪਣਾ ਸਾਥ ਬਾਖੂਬੀ ਨਿਭਾਇਆ। ਸੰਤਾਂ ਨੇ–

***ਬਿਰਹਾ ਬਿਰਹਾ ਆਖੀਐ***
***ਬਿਰਹਾ ਤੂੰ ਸੁਲਤਾਨ।***

ਸ਼ਬਦ ਦੀ ਧਾਰਨਾ ਲੈ ਕੇ ਦਿਵਾਨ ਆਰੰਭਿਆ ਅਤੇ ਸੱਚੇ ਪਾਤਸ਼ਾਹ ਨੇ ਜੋ ਸਾਡੇ ਤੇ ਪਰਉਪਕਾਰ ਕੀਤੇ ਉਹ ਸਾਧ ਸੰਗਤ ਨਾਲ ਸਾਂਝੇ ਕੀਤੇ। ਉਹਨਾਂ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਨਿਹੰਗ ਸਿੰਘ ਨੂੰ ਸੁਪਨੇ ਵਿਚ ਦਰਸ਼ਨ ਦੇ ਕੇ ਆਖਿਆ ਕਿ ਜੇ ਤੂੰ ਮੇਰੇ ਦਰਸ਼ਨ ਕਰਨੇ ਚਾਹੁੰਦਾ ਹੈਂ ਤਾਂ ਸ੍ਰੀ ਭੈਣੀ ਸਾਹਿਬ ਚਲਿਆ ਜਾ ਮੈਂ ਉਥੇ ਸਤਿਗੁਰੂ ਪ੍ਰਤਾਪ ਸਿੰਘ ਦੇ ਸਰੂਪ ਵਿਚ ਅਵਤਾਰ ਧਾਰ ਲਿਆ ਹੈ। ਤਾਂ ਉਹ ਨਿਹੰਗ ਸਿੰਘ ਆਪਣੇ ਇਕ ਸਾਥੀ ਨੂੰ ਨਾਲ ਲੈ ਕੇ ਸ੍ਰੀ ਭੈਣੀ ਸਾਹਿਬ ਚਲਿਆ ਗਿਆ। ਮਨ ਵਿਚ ਆਇਆ ਕਿ ਜੇ ਇਹ ਸਚਮੁੱਚ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਹੈ ਤਾਂ ਇਹ ਮੈਨੂੰ ਉਸੇ ਰੂਪ ਵਿਚ ਦਰਸ਼ਨ ਦੇਵੇ ਤਾਂ ਸਤਿਗੁਰਾਂ ਨੇ ਉਸਨੂੰ ਗੁਰੂ ਗੋਬਿੰਦ ਸਿੰਘ ਦੇ ਰੂਪ ਵਿਚ ਦਰਸ਼ਨ ਦੇ ਕੇ ਉਸਦਾ ਸ਼ੰਕਾ ਦੂਰ ਕੀਤਾ। ਧਾਰਨਾ–

*ਉਹ ਪਟਨੇ ਦਾ ਅੱਜ ਵਾਲੀ*
*ਸਤਿਗੁਰ ਵਿਚ ਭੈਣੀ ਦੇ ਆਇਆ ਏ।*

ਇਸੇ ਤਰ੍ਹਾਂ ਇਕ ਮਾਈ ਦੇ ਘਰ ਪੁੱਤਰ ਨਹੀਂ ਸੀ ਉਸਨੇ ਪੁੱਤਰ ਦੀ ਦਾਤ ਵਾਸਤੇ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਤਾਂ ਸੱਚੇ ਪਾਤਸ਼ਾਹ ਨੇ ਸੰਤ ਰਤਨ ਸਿੰਘ ਨੂੰ ਹੁਕਮ ਕੀਤਾ ਰਤਨ ਸਿਆਂ ਏਸ ਬੀਬੀ ਨੂੰ ਦਵਾਈ ਦੇ ਦੇ, ਰਤਨ ਸਿੰਘ ਨੇ ਆਖਿਆ ਪਾਤਸ਼ਾਹ ਜੀ ਕਿਹੜੀ ਦਵਾਈ ਦੇਵਾਂ ਜੀ, ਸਤਿਗੁਰਾਂ ਹੁਕਮ ਕੀਤਾ, ਝੋਲੇ ਵਿਚੋਂ ਜਿਹੜੀ ਵੀ ਦਵਾਈ ਹੱਥ ਆਉਂਦੀ ਹੈ ਦੇ ਦੇ। ਤੇ ਕੁਝ ਅਰਸੇ ਬਾਅਦ ਉਸ ਮਾਈ ਦੇ ਘਰ ਪੁੱਤਰ ਨੇ ਜਨਮ ਲਿਆ। ਧਾਰਨਾ–

*ਸੋਭਾ ਸੁਣਕੇ ਦਰ ਤੇ ਆਈ*
*ਝੋਲੀ ਭਰਦੇ ਓ ਸਾਈਆਂ।*

ਇਸ ਤੋਂ ਇਲਾਵਾ ਵੀ ਸਤਿਗੁਰਾਂ ਨੇ ਸਾਡੇ ਤੇ ਇੰਨੇ ਪਰਉਪਕਾਰ ਕੀਤੇ ਜੋ ਕਿ ਗਿਣਾਏ ਨਹੀਂ ਜਾ ਸਕਦੇ।

ਅੱਜ ਦੇ ਮੇਲੇ ਤੇ ਹੋਰ ਦੂਰੋਂ ਨੇੜਿਓਂ ਆਈ ਸਾਧ ਸੰਗਤ ਤੋਂ ਇਲਾਵਾ ਸੂਬਾ ਜਸਬੀਰ ਸਿੰਘ ਪੱਦੀ ਖਾਲਸਾ, ਸੂਬਾ ਹਰਜੀਤ ਸਿੰਘ ਮੁਠੱਡਾ, ਪ੍ਰਧਾਨ ਸਰਦਾਰਾ ਸਿੰਘ ਨਗਰ, ਸੰਤ ਦਿਆਲ ਸਿੰਘ ਫਗਵਾੜਾ ਅਤੇ ਹਰੀਬਲਭ ਸੰਗੀਤ ਸਭਾ ਦੇ ਡਾਇਰੈਕਟਰ ਸ. ਸੁਰਜੀਤ ਸਿੰਘ ਅਜੀਮਲ ਜੋ ਕਿ ਪੰਜਾਬ ਰਾਜ ਬਿਜਲੀ ਬੋਰਡ ਦੇ ਚੀਫ ਇੰਜੀਨੀਅਰ ਵੀ ਰਹਿ ਚੁਕੇ ਹਨ ਉਚੇਚੇ ਪਧਾਰੇ। ਇਸ ਮੌਕੇ ਸੂਬਾ ਜਸਬੀਰ ਸਿੰਘ, ਸੂਬਾ ਹਰਜੀਤ ਸਿੰਘ, ਸੰਤ ਦਿਆਲ ਸਿੰਘ, ਪ੍ਰਧਾਨ ਹਰਦੇਵ ਸਿੰਘ ਬਾਸੀ ਅਤੇ ਬਲਦੇਵ ਸਿੰਘ ਨਾਮਧਾਰੀ ਉਚੇਚੇ ਪਹੁੰਚੇ। ਸ. ਸੁਰਜੀਤ ਸਿੰਘ ਅਜੀਮਲ, ਗੁਰਦੁਆਰੇ ਦੇ ਨਵੇਂ ਭਾਈ ਜੀ ਹਰਪ੍ਰੀਤ ਸਿੰਘ, ਉਹਨਾਂ ਦੀ ਧਰਮ ਪਤਨੀ, ਅਤੇ ਸ. ਮਨਿੰਦਰ ਸਿੰਘ ਤੇ ਉਹਨਾਂ ਦੇ ਮਾਤਾ ਜੀ ਜੋ ਕਿ ਭਜਨ ਪੁਛਕੇ ਨਵੇਂ ਨਾਮਧਾਰੀ ਸਿੱਖ ਸਜੇ ਹਨ ਸਭ ਨੂੰ ਸਨਮਾਨਿਤ ਕੀਤਾ ਗਿਆ ਤੇ ਗੁਰਦੁਆਰੇ ਦੇ ਪਹਿਲੇ ਭਾਈ ਜੀ ਮਹੰਤ ਗੁਰਦੇਵ ਸਿੰਘ ਤੇ ਉਹਨਾਂ ਦੀ ਧਰਮ ਪਤਨੀ ਨੂੰ ਵੀ ਆਸਣ ਮਾਲਾ ਤੇ ਬਸਤਰ ਆਦਿ ਦੇ ਕੇ ਸਨਮਾਨਿਤ ਕੀਤਾ ਗਿਆ।

ਅੱਜ ਦਾ ਇਹ ਮੇਲਾ ਸੰਤ ਪ੍ਰੀਤਮ ਸਿੰਘ (ਵਾਰੇ ਵਾਲਿਆਂ) ਦੇ ਸਮੂੰਹ ਪਰਿਵਾਰ ਵਲੋਂ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਇਆ ਗਿਆ। ਪ੍ਰੋਗਰਾਮ ਦੇ ਅੰਤ ਵਿਚ ਸੂਬਾ ਜਸਬੀਰ ਸਿੰਘ ਸਾਧ ਸੰਗਤ ਨੂੰ ਸੰਬੋਧਨ ਹੋਏ ਉਹਨਾਂ ਇਸ ਮੌਕੇ ਜਪ ਪ੍ਰਯੋਗ ਅਤੇ ਮੇਲੇ ਵਿਚ ਪਹੁੰਚੀ ਸਾਧ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਆਖਿਆ ਕਿ ਜਿਵੇਂ ਅਸੀਂ ਅੱਜ ਸਤਿਗੁਰਾਂ ਦੇ ਵਿਛੋੜੇ ਦਾ ਦਿਨ ਮਨਾ ਰਹੇ ਹਾਂ ਇਸ ਦੇ ਨਾਲ ਹੀ ਉਹਨਾਂ ਦੇ ਬਹੁਤ ਹੀ ਪਿਆਰੇ ਤੇ ਨੇੜਲੇ ਸਿੱਖ ਸੰਤ ਪ੍ਰੀਤਮ ਸਿੰਘ, ਸੰਤ ਰਤਨ ਸਿੰਘ ਤੇ ਭਾਈ ਵਜੀਰ ਸਿੰਘ ਨੂੰ ਯਾਦ ਕਰਨਾ ਬਣਦਾ ਹੈ। ਸੰਤ ਰਤਨ ਸਿੰਘ ਜਿਨਾਂ ਨੇ ਬਹੁਤ ਹੀ ਸਾਦਾ ਜੀਵਨ ਬਤੀਤ ਕਰਕੇ 36 ਸਾਲ ਸਤਿਗੁਰਾਂ ਦੇ ਚਰਨਾਂ ਵਿਚ ਰਹਿ ਕੇ ਸੇਵਾ ਨਿਭਾਈ। ਅੱਜ ਤੁਸੀਂ ਵੱਡੀ ਗਿਣਤੀ ਵਿਚ ਇਸ ਮੇਲੇ ਵਿਚ ਸ਼ਾਮਲ ਹੋਏ ਹੋ ਮੈਂ ਆਪ ਸਭ ਦਾ ਬਹੁਤ ਧੰਨਵਾਦੀ ਹਾਂ ਇਸ ਤੋਂ ਇਲਾਵਾ ਸੂਬਾ ਜੀ ਨੇ ਸਮੂੰਹ ਕਮੇਟੀ ਦੇ ਮੈਂਬਰਾਂ ਅਤੇ ਜਥਿਆਂ ਦਾ ਵੀ ਧੰਨਵਾਦ ਕੀਤਾ। ਅੱਜ ਦੇ ਇਸ ਪ੍ਰੋਗਰਾਮ ਤੇ ਸਟੇਜ ਸੈਕਟਰੀ ਦੀ ਸੇਵਾ ਸੈਕਟਰੀ ਹਰਬੰਸ ਸਿੰਘ ਅਤੇ ਨਾਮਧਾਰੀ ਵਿਦਿਅਕ ਜਥੇ ਦੇ ਪ੍ਰਧਾਨ ਸੰਤ ਨਰਿੰਦਰ ਸਿੰਘ ਨੇ ਬਾਖੂਬੀ ਨਿਭਾਈ। ਅੱਜ ਦਾ ਇਹ ਮੇਲਾ ਪ੍ਰਧਾਨ ਹਰਦੇਵ ਸਿੰਘ ਬਾਸੀ ਅਤੇ ਮੀਤ ਪ੍ਰਧਾਨ ਸੰਤ ਜਸਪਾਲ ਸਿੰਘ ਦੀ ਅਗਵਾਈ ਵਿਚ ਮਨਾਇਆ ਗਿਆ। ਅੰਤ ਵਿਚ ਸਮੂਹ ਸਾਧ ਸੰਗਤ ਨੇ ਲੰਗਰ ਛਕਕੇ ਘਰਾਂ ਨੂੰ ਚਾਲੇ ਪਾਏ।

**–ਬਲਦੇਵ ਸਿੰਘ ਨਾਮਧਾਰੀ,**
**ਫਗਵਾੜਾ**




**ਹਰੀਬਲਭ ਸੰਗੀਤ ਸਭਾ ਦੇ ਡਾਇਰੈਕਟਰ ਸ. ਸੁਰਜੀਤ ਸਿੰਘ ਨੂੰ ਸਨਮਾਨਤ ਕਰਦੇ ਹੋਏ ਸੂਬਾ ਜਸਬੀਰ ਸਿੰਘ, ਸੂਬਾ ਹਰਜੀਤ ਸਿੰਘ ਮੁਠਡਾ, ਪ੍ਰਧਾਨ ਹਰਦੇਵ ਸਿੰਘ ਆਦਿ,**

## ਬਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਅਤੇ ਨਾ ਹੀ ਮਰਯਾਦਾ ਵਿਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਏ?

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਗੱਦੀ ਦਿਵਸ ਮਨਾਇਆ



**ਸੂਬਾ ਸੰਦੀਪ ਸਿੰਘ ਦਿਵਾਨ ਸਜਾਉਂਦੇ ਹੋਏ।**

**ਮੰਡੀ**-ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਬਖਸ਼ਿਸ਼ ਨਾਲ ਮੰਡੀ ਨੇਰ ਚੌਕ ਪੰਡੋਹ ਆਦਿ ਨਗਰਾਂ ਦੀ ਸਾਧ ਸੰਗਤ ਨੇ ਮਡੀ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਗੱਦੀ ਨਸ਼ੀਨੀ ਦਿਵਸ ਮਨਾਇਆ ਅਤੇ ਨਾਲ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਪ ਭਾਦਰੋਂ ਤੋਂ ਰੱਖੇ ਨਾਮ ਸਿਮਰਨ ਦੇ ਪ੍ਰਯੋਗ ਦੀ ਵੀ ਸਮਾਪਤੀ ਕੀਤੀ।

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਉਪਰੰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਰਖੇ ਗਏ ਨਾਮ ਸਿਮਰਨ ਦੇ ਪ੍ਰਯੋਗ ਦੀ ਅਰਦਾਸ ਕੀਤੀ ਗਈ। ਸਾਧ ਸੰਗਤ ਤੇ ਬੱਚੇ ਆਪੋ ਆਪਣੇ ਆਸਨ ਵਿਛਾ ਕੇ, ਚੌਕੜਾ ਮਾਰ ਕੇ ਨਾਮ ਸਿਮਰਨ ਕਰਨ ਲੱਗ ਪਏ। ਬੱਚਿਆਂ ਨੂੰ ਪਹਿਲਾਂ ਹੀ ਦੱਸ ਦਿੱਤਾ ਹੋਇਆ ਸੀ ਕਿ ਅਸੀਂ ਰਸਨਾ ਹਿੱਲਾ ਕੇ ਭਜਨ ਦੇ ਪੂਰੇ ਅੱਖਰ ਬੋਲ ਕੇ, ਸ੍ਰੀ ਸਤਿਗੁਰੂ ਜੀ ਦੀ ਮੂਰਤ ਮਨ ਵਿਚ ਵਸਾ ਕੇ ਭਜਨ ਏਨੀ ਉਚੀ ਕੀਤਾ ਜਾਏ ਕਿ ਸਿਰਫ ਆਪਣੇ ਕੰਨਾਂ ਵਿਚ ਹੀ ਉਸ ਦੀ ਆਵਾਜ਼ ਆਏ ਨਾਲ ਬੈਠੇ ਦੇ ਕੰਨਾਂ ਵਿਚ ਨਾ ਜਾਵੇ ਤੇ ਨਾਲ ਹੀ ਸੰਤ ਸਵਰਨ ਸਿੰਘ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਸਾਖੀਆਂ ਸੁਣਾ ਕੇ ਸੰਗਤ ਨੂੰ ਨਿਹਾਲ ਕੀਤਾ। ਉਸ ਤੋਂ ਬਾਅਦ ਸੰਤ ਅਕਾਸ਼ਦੀਪ ਸਿੰਘ ਨੇ ਸ਼ਬਦ ਗਾਇਨ ਕੀਤਾ ਜਿਸ ਦੇ ਬੋਲ ਸਨ-

- *ਸਾਜਨਾ ਸੰਤ ਆਉ ਮੇਰੇ ਆਨੰਦਾ ਗੁਣ ਗਾਏ ਮੰਗਲ ਕਸਮਲਾ ਮਿਟ ਜਾਏ ਪਰੇਰੇ।।*
- *ਐਸੇ ਗੁਰ ਕੋ ਬਲ ਬਲ ਜਾਈਏ ਆਪ ਮੁਕਤ ਮੋਹੇ ਤਾਰੇ।।*

ਉਪਰੰਤ ਨਾਮ ਸਿਮਰਨ ਦੇ ਪ੍ਰਯੋਗ ਦੀ ਅਰਦਾਸ ਹੋ ਗਈ। ਬੱਚਿਆਂ ਨੂੰ ਰੋਜ਼ਾਨਾ ਦੀ ਤਰ੍ਹਾਂ ਇਨਾਮ ਦਿੱਤੇ ਗਏ ਤੇ ਨਾਲ ਹੀ ਅਨਾਊਂਸ ਕਰ ਦਿੱਤਾ ਗਿਆ ਕਿ ਗੁਰੱਪ ਵਾਈਜ਼ ਜੋ ਇਨਾਮ ਦਿੱਤੇ ਜਾਣਗੇ ਉਹ ਬਾਅਦ ਵਿਚ ਦਿੱਤੇ ਜਾਣਗੇ, ਸਾਧ ਸੰਗਤ ਬੈਠਕੇ ਪ੍ਰੋਗਰਾਮ ਦਾ ਅਨੰਦ ਮਾਣੇ। ਵਿਦਿਅਕ ਜਥੇ ਦੀਆਂ ਬੀਬੀਆਂ ਨੇ ਸਟੇਜ ਸੰਭਾਲੀ ਬੀਬੀ ਗੁਰਜੀਤ ਕੌਰ ਦੀ ਅਗਵਾਈ ਵਿਚ ਬੀਬੀ ਗੁਰਨਾਮ ਕੌਰ ਨੇ ਗੀਤ ਗਾਇਨ ਕੀਤਾ ਜਿਸ ਦੇ ਬੋਲ ਸਨ-

*ਤੈਥੋਂ ਜਾਵਾਂ ਸਦ ਬਲਿਹਾਰ, ਗੁਰੂ ਜਗਜੀਤ ਪਿਆਰਿਆ।*

ਬੀਬੀ ਗੁਰਜੀਤ ਕੌਰ ਨੇ ਗੀਤ ਗਾਇਨ ਕੀਤਾ ਜਿਸ ਦੇ ਬੋਲ ਸਨ-

*ਸਾਡੇ ਦਿਲਾਂ ਤੇ ਜੇਹੜਾ ਰਾਜ ਕਰਦਾ, ਗੱਦੀ ਬੈਠਾ ਪ੍ਰਤਾਪ ਜਗਜੀਤ ਤੇਰਾ।*

ਬੀਬੀ ਆਸਾ ਕੌਰ ਤੇ ਬੀਬੀ ਗੁਰਨਾਮ ਕੌਰ ਨੇ ਗੀਤ ਗਾਇਨ ਕੀਤਾ। ਜਿਸ ਦੇ ਬੋਲ ਸਨ-

*ਗੱਲ ਮਾਲਾ ਸਿਰ ਤੇ ਸੋਹਣੀ ਦਸਤਾਰ ਗੁਰੂ ਜਗਜੀਤ ਸਿੰਘ,*
*ਨੂਰ ਤੇਰਾ ਕੈਸਾ ਹੈ ਝਲਿਆ ਨਹੀਂ ਜਾਂਦਾ ਗੁਰੂ ਜਗਜੀਤ ਸਿੰਘ।*

ਬੀਬੀ ਕੁਲਵੰਤ ਕੌਰ ਨੇਰ ਚੌਕ ਨੇ ਗੀਤ ਗਾਇਨ ਕੀਤਾ-

*ਗੱਦੀ ਉਤੇ ਅੱਜ ਮਾਲਿਕ ਹੈ ਦੋ ਜਹਾਨ ਦਾ।*

ਕਾਕਾ ਗਿਆਨ ਸਿੰਘ ਨੇਰ ਚੌਕ ਵਾਲੇ ਨੇ ਗੀਤ ਗਾਇਨ ਕੀਤਾ-

*ਆਪ ਕਿਧੇ ਤੁਰ ਚਲਿਆਂ ਦੇ ਦਾਤਾ ਭਾਰਾ ਦੇਸ ਧਰਤੀ ਨੂੰ ਲਾ ਕੇ।*

ਤੇ *ਤੁਮ ਹੋ ਸਭ ਰਾਜਨ ਕੇ ਰਾਜਾ।*

ਉਪਰੰਤ ਪਾਠਾਂ ਦੇ ਭੋਗ ਪਾਏ ਗਏ ਤੇ ਬਾਅਦ ਵਿਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਆਗਿਆ ਅਨੁਸਾਰ ਸੂਬਾ ਸੰਦੀਪ ਸਿੰਘ ਜੋ ਕਿ ਇਕ ਹਫਤੇ ਤੋਂ ਆਏ ਹੋਏ ਸਨ ਰੋਜ਼ਾਨਾ ਹੀ ਸਾਧ ਸੰਗਤ ਨੂੰ ਸਾਥੀਆਂ ਸਮੇਤ ਦਿਵਾਨ ਲਗਾ ਕੇ ਸੰਗਤ ਨੂੰ ਕਦੀ ਦਰੋਪਤੀ, ਕਦੀ ਭਗਤ ਸੁਦਾਮਾ, ਕਦੀ ਸੰਤ ਮੀਹਾਂ ਸਿੰਘ ਦੀ ਵਾਰਤਾ ਸੁਣਾ ਕੇ ਨਿਹਾਲ ਕਰਦੇ ਰਹੇ। ਅੱਜ ਦੇ ਦਿਵਾਨ ਦੀ ਆਰੰਭਤਾ ***ਖੂਭ ਤੇਰੀ ਪਗੜੀ ਮੀਠੇ ਤੇਰੇ ਬੋਲ।***

ਸੂਬਾ ਸੰਦੀਪ ਸਿੰਘ ਨੇ ਆਪਣੇ ਦਿਵਾਨ ਵਿਚ ਦੱਸਿਆ ਕਿ ਜਿਸ ਨੇ ਹਾਜ਼ਰ ਗੁਰੂ ਨੂੰ ਨਹੀਂ ਮੰਨਿਆ ਉਹਨਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਨਹੀਂ ਮੰਨਿਆ।। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਮੁਖਾਰਬਿੰਦ ਤੋਂ ਬਚਨ ਕੀਤਾ ਜਿਹੜਾ ਮੈਨੂੰ ਗੁਰੂ ਨਹੀਂ ਮੰਨਦਾ ਉਹ ਸਤਿਗੁਰੂ ਰਾਮ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਨੂੰ ਗੁਰੂ ਨਹੀਂ ਮੰਨਦਾ ਕਿਉਂਕਿ ਸਤਿਗੁਰੂ ਰਾਮ ਸਿੰਘ ਜੀ ਨੇ ਬਚਨ ਕੀਤਾ ਸੀ ਕਿ ਮੈਂ **ਕਲਜੁਗ ਵਿਚ ਸਤਿਜੁਗ ਲਗਾਉਣਾ ਹੈ ਮੇਰੇ ਧਕੇ ਨੂੰ ਮੈਂ ਨਹੀਂ ਬਖਸ਼ ਸਕਦਾ, ਮੇਰੇ ਧਕੇ ਨੂੰ ਇਹ ਬਖਸ਼ ਸਕਦਾ ਹੈ। ਏਹਦੇ ਧਕੇ ਨੂੰ ਮੈਂ ਨਹੀਂ ਬਖਸ਼ ਸਕਦਾ।** ਏਹ ਬਚਨ ਸਤਿਗੁਰੂ ਹਰੀ ਸਿੰਘ ਵਾਸਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੇ ਸਨ। ਹਾਜ਼ਰ ਗੁਰੂ ਨੂੰ ਏਡਾ ਵਡਾ ਦਰਜ਼ਾ ਦਿੱਤਾ ਹੈ। ਕਈ ਕਹਿੰਦੇ ਨੇ ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਤਕ ਅਰਦਾਸ ਕਰਦੇ ਹਾਂ ਏਸੇ ਮੁਤਾਬਿਕ ਜਿਹੜੇ ਹਾਜ਼ਰ ਗੁਰੂ ਉਦੈ ਸਿੰਘ ਜੀ ਨੂੰ ਨਹੀਂ ਮੰਨਦੇ ਉਹ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵੀ ਨਹੀਂ ਮੰਨਦੇ। ਸੂਬਾ ਸੰਦੀਪ ਸਿੰਘ ਨੇ ਮੰਡੀ ਤੋਂ ਇਲਾਵਾ, ਸੁੰਦਰ ਨਗਰ ਤੇ ਨੇਰ ਚੌਕ ਥਾਵਾਂ ਤੇ ਵੀ ਦਿਵਾਨ ਲਗਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਦਿਵਾਨ ਤੋਂ ਬਾਅਦ ਬੱਚਿਆਂ ਨੂੰ ਗਰੁੱਪ ਵਾਈਜ਼ ਇਨਾਮ ਦਿੱਤੇ ਗਏ। ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਬੇਨਤੀ ਹੈ ਕਿ ਸਾਧ ਸੰਗਤ ਨੂੰ ਆਪਣੇ ਚਰਨਾਂ ਨਾਲ ਲਾਈ ਰੱਖਣ ਤੇ ਸਾਧ ਸੰਗਤ ਆਪ ਜੀ ਦੇ ਹੁਕਮ ਵਿਚ ਚਲਕੇ ਜਨਮ ਸਫਲਾ ਕਰਦੀ ਰਹੇ।

**-ਸਤਵੰਤ ਸਿੰਘ ਮੰਡੀ (ਹਿ. ਪ੍ਰ.)**

# ਸੰਤ ਆਸਾ ਸਿੰਘ ਭੋਏਵਾਲੀ ਨਮਿਤ ਵਰ੍ਹੀਣੇ ਦਾ ਭੋਗ

**10 ਸਤੰਬਰ 2016 ਸਰੀ (ਵੈਨਕੂਵਰ, ਕੈਨੇਡਾ)**-ਅੱਜ ਸ਼ਨੀਵਾਰ ਸਰੀ (ਕੈਨੇਡਾ) ਨਾਮਧਾਰੀ ਗੁਰਦੁਆਰੇ ਵਿਖੇ ਸੰਤ ਆਸਾ ਸਿੰਘ ਭੋਏਵਾਲੀ ਨਮਿਤ ਵਰ੍ਹੀਣੇ ਦਾ ਮੇਲਾ ਕਰਵਾਇਆ ਗਿਆ। ਸ਼ਾਮੀ 6 ਤੋਂ 7 ਨਾਮ ਸਿਮਰਨ ਹੋਇਆ। ਸੂਬਾ ਬਲਬੀਰ ਸਿੰਘ, ਸੰਤ ਦਵਿੰਦਰ ਸਿੰਘ ਰਾਗੀ ਅਤੇ ਅਨੰਤ ਸਿੰਘ ਨੇ ਨੌਵੇਂ ਮਹੱਲੇ ਦੇ ਸਲੋਕ ਪੜ੍ਹੇ ਆਸਾ ਸਿੰਘ ਦੀ ਯਾਦ ਵਿਚ। ਦਵਿੰਦਰ ਸਿੰਘ, ਅਤਰ ਸਿੰਘ, ਗਿਆਨ ਸਿੰਘ ਨੇ ***'ਗੁਰ ਜੈਸਾ ਨਾਹੀ ਕੋ ਦੇਵ'*** ਸ਼ਬਦ ਗਾਇਨ ਕੀਤਾ।

ਸੂਬਾ ਜੀ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਸੰਤ ਆਸਾ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਆਪ ਨੇ ਦੱਸਿਆ ਕਿ ਸੰਤ ਜੀ ਏਥੇ (ਸਰੀ) ਵਿਚ ਕੁਝ ਸਮਾਂ ਰਹਿ ਗਏ ਹਨ। ਜਦੋਂ ਹਵਨ ਕਰਦੇ ਸਾਂ ਸਭ ਤੋਂ ਪਹਿਲਾਂ ਸੰਤ ਜੀ ਏਥੇ ਪਹੁੰਚ ਜਾਂਦੇ ਸੀ। ਭਜਨ ਬਾਣੀ ਦੇ ਪੱਕੇ ਨਿਤਨੇਮੀ ਅਤੇ ਸਿਦਕੀ ਸਿੱਖ ਸਨ। ਸਕੱਤਰ ਸੁਰਿੰਦਰ ਸਿੰਘ ਨੇ ਸੰਤ ਆਸਾ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਅਤੇ ਸੇਵਕ ਹਰਪਾਲ ਸਿੰਘ ਨੂੰ ਕੁਝ ਸ਼ਬਦ ਆਖਣ ਲਈ ਮੰਚ ਤੇ ਆਮਤ੍ਰਿਤ ਕੀਤਾ। ਹਰਪਾਲ ਸਿੰਘ ਨੇ ਦੱਸਿਆ ਕਿ ਸਾਡੇ ਨਾਮਧਾਰੀ ਸਮਾਜ ਵਿਚ ਕਈ ਅਜੇਹੇ ਪਰਵਾਰ ਜਿਨ੍ਹਾਂ ਦਾ ਪਿਛੋਕੜ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੀ ਸਿਖੀ ਨਾਲ ਜੁੜਦਾ ਹੈ ਜਾਂ ਐਉਂ ਕਹਿ ਲਈਏ ਕਿ ਜੋ ਨਾਮਧਾਰੀ ਪੰਥ ਦੀ ਸਾਜਨਾ ਵੇਲੇ ਤੋਂ ਟਕਸਾਲੀ ਨਾਮਧਾਰੀ ਪਰਵਾਰ ਹਨ। ਅਜਿਹੇ ਸਤਿਕਾਰਯਯੋਗ ਸਿੱਖਾਂ ਵਿਚੋਂ ਹੀ ਸਨ ਸੰਤ ਆਸਾ ਸਿੰਘ ਭੋਏਵਾਲੀ ਦੇ। ਆਪ ਦੇ ਵਡੇਰੇ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਸਨ ਉਹਨਾਂ ਦਾ ਨਾਮ ਵੀ ਸੰਤ ਰਾਮ ਸਿੰਘ ਸੀ। ਸੰਤ ਰਾਮ ਸਿੰਘ ਦੇ ਪੁੱਤਰ ਸੰਤ ਮਿੱਤ ਸਿੰਘ, ਹਰਦਿੱਤ ਸਿੰਘ ਅਤੇ ਗੁਰਦਿੱਤ ਸਿੰਘ ਸਤਿਗੁਰੂ ਹਰੀ ਸਿੰਘ ਜੀ ਦੇ ਵੇਲੇ ਦੇ ਸਿੱਖ ਸਨ। ਇਹ ਨਾਮਧਾਰੀ ਪੰਥ ਤੇ ਉਹ ਸਖਤੀਆਂ ਦਾ ਦੌਰ ਸੀ ਜਦੋਂ ਸਿਦਕੀ ਅਤੇ ਹਿੰਮਤ ਵਾਲੇ ਸਿੱਖ ਹੀ ਨਾਮਧਾਰੀ ਰਹੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੇਲੇ ਸੰਤ ਮਿੱਤ ਸਿੰਘ ਦੇ ਪੁੱਤਰ ਸਨ ਸੂਬਾ ਹਰਨਾਮ ਸਿੰਘ। ਆਪ ਦਾ ਜਦੀ ਪੁਸ਼ਤੀ ਪਿੰਡ ਭੋਏਵਾਲੀ (ਅੰਮ੍ਰਿਤਸਰ) ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੌਰਿਆਂ ਸਮੇਂ ਉਤਾਰਾ ਆਪ ਦੇ ਗ੍ਰਿਹਿ ਵਿਖੇ ਹੀ ਹੋਇਆ ਕਰਦਾ ਸੀ। ਆਪ ਦੇ ਖੇਤਾਂ ਨੂੰ ਗੁਰੂ ਕੇ ਖੇਤ ਹੀ ਆਖਿਆ ਜਾਂਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੌਰਿਆਂ ਸਮੇਂ ਦੀ ਨਿਸ਼ਾਨੀ ਵਿਚੋਂ ਇਕ ਗਿਲਾਸ ਆਪ ਦੇ ਗ੍ਰਿਹਿ ਵਿਖੇ (ਪਿੰਡ ਭੋਏਵਾਲੀ) ਸੰਭਾਲਿਆ ਹੋਇਆ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਬ੍ਰਹਮ ਗਿਆਨੀ ਸਾਧੂ ਸੁਆਮੀ ਤਖਤ ਸਿੰਘ ਅਤੇ ਸੰਤ ਹਰਨਾਮ ਸਿੰਘ ਗੜ੍ਹਦੀਵਾਲਾ ਵਰਗੇ ਸਾਧੂਆਂ ਦਾ ਆਪ ਦੇ ਗ੍ਰਿਹਿ ਵਿਖੇ ਆਮ ਆਉਣਾ ਜਾਣਾ ਰਹਿੰਦਾ। ਸੁਆਮੀ ਜੀ ਤਾਂ ਆਖਰੀ ਕਈ ਵਰ੍ਹੇ ਰਹੇ ਵੀ ਆਪ ਦੇ ਗ੍ਰਿਹਿ ਵਿਖੇ ਹੀ ਸੀ। ਸੂਬਾ ਹਰਨਾਮ ਸਿੰਘ ਦੇ ਦੋ ਪੁੱਤਰ ਸੰਤ ਦਰਸ਼ਨ ਸਿੰਘ ਅਤੇ ਸੰਤ ਆਸਾ ਸਿੰਘ ਸਨ। ਇਹਨਾਂ ਦੋਹਾਂ ਭਰਾਵਾਂ ਨੇ ਪਹਿਲੀ ਉਮਰ ਵਿਚ ਸੁਆਮੀ ਤਖਤ ਸਿੰਘ ਤੋਂ ਭਗਤਾਂ ਦੀ ਬਾਣੀ ਅਤੇ ਪੰਜ ਗ੍ਰੰਥੀ ਦਾ ਪਾਠ ਸਿਖਿਆ।

ਸੰਤ ਆਸਾ ਸਿੰਘ ਪਿਛਲੇ ਵਰ੍ਹੇ ਪੂਰੇ ਹੋ ਗਏ ਅਤੇ ਆਪਦੇ ਵਡੇ ਭਰਾ ਸੰਤ ਦਰਸ਼ਨ ਸਿੰਘ ਦੋ ਮਹੀਨੇ ਪਹਿਲਾਂ ਪੂਰੇ ਹੋ ਗਏ ਹਨ। ਸੰਤ ਆਸਾ ਸਿੰਘ ਦੇ ਪੁੱਤਰ ਅਮਰਜੀਤ ਸਿੰਘ ਏਥੇ ਰਹਿ ਰਹੇ ਹਨ। ਅਮਰਜੀਤ ਸਿੰਘ ਹੀ ਅੱਜ ਦਾ ਮੇਲਾ, ਲੰਗਰ ਦੀ ਸੇਵਾ ਕਰਵਾ ਰਹੇ ਹਨ। ਅਮਰਜੀਤ ਸਿੰਘ ਨੇ ਦੱਸਿਆ ਕਿ ਸਾਡੇ ਪਿਤਾ ਜੀ ਦੱਸਿਆ ਕਰਦੇ ਸਨ ਕਿ ਸਾਡੇ ਦਾਦਾ ਸੂਬਾ ਹਰਨਾਮ ਸਿੰਘ ਦੇ ਭਰਾ ਸੰਤਾ ਸਿੰਘ ਰੋਜ਼ਾਨਾ ਸੁਆਮੀ ਤਖਤ ਸਿੰਘ ਦਾ ਇਸ਼ਨਾਨ ਕਰਾਇਆ ਕਰਦੇ, ਉਨ੍ਹਾਂ ਦੀ ਸੇਵਾ 'ਚ ਰਹਿੰਦੇ। ਸੁਆਮੀ ਜੀ ਦੀ ਇਛਾ ਸੀ ਕਿ ਮੇਰੇ ਜੀਵਨ ਦੇ ਆਖਰੀ ਦਿਨ ਸਤਿਗੁਰੂ ਰਾਮ ਸਿੰਘ ਜੀ ਮੈਨੂੰ ਪ੍ਰਤੱਖ ਦਰਸ਼ਨ ਦੇਣ, ਆਪ ਕਿਰਪਾ ਕਰਕੇ ਮੇਰਾ ਇਸ਼ਨਾਨ ਕਰਵਾਉਣ। ਐਸੀ ਬਿਧ ਬਣੀ ਕਿ ਜਿਸ ਦਿਨ ਸੰਤਾਂ ਦੇ ਜੀਵਨ ਦਾ ਆਖਰੀ ਦਿਨ ਸੀ - ਸੰਤਾਂ ਨੂੰ ਜਾਗ ਹੀ ਨਹੀਂ ਆਈ, ਸਤਿਗੁਰੂ ਰਾਮ ਸਿੰਘ ਜੀ ਆਪ ਭੂਰੀ ਲਈ ਹੋਈ - ਸੁਆਮੀ ਜੀ ਦਾ ਇਸ਼ਨਾਨ ਕਰਵਾਇਆ। ਜਦੋਂ ਇਸ਼ਨਾਨ ਕਰਵਾਉਂਦਿਆਂ ਸੁਆਮੀ ਜੀ ਦੀ ਚਰਨਾਂ ਤੇ ਨਿਗ੍ਹਾ ਪਈ ਤਾਂ ਪਤਾ ਲੱਗਿਆ।

ਭੋਏਵਾਲੀ ਇਸ ਪਰਿਵਾਰ ਦੇ ਗ੍ਰਿਹਿ ਵਿਖੇ ਖੂਹੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਤੱਖ ਦਰਸ਼ਨ ਦੇ ਕੇ ਸੁਆਮੀ ਤਖਤ ਸਿੰਘ ਦੀ ਇਛਾ ਪੂਰੀ ਕੀਤੀ। ਉਸੇ ਦਿਨ ਸੁਆਮੀ ਜੀ ਪੰਜ ਭੂਤਕ ਸਰੀਰ ਤਿਆਗ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ। ਸੰਤ ਆਸਾ ਸਿੰਘ ਅਤੇ ਸੰਤ ਦਰਸ਼ਨ ਸਿੰਘ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੀੜ ਵਿਚ 10-10 ਏਕੜ ਜ਼ਮੀਨ ਵੀ ਬਖਸ਼ੀ ਸੀ। ਸੰਤ ਦਰਸ਼ਨ ਸਿੰਘ ਦਾ ਘਰ ਸੋਧੀਆਂ ਦਾ ਘਰ ਜਾਣਿਆਂ ਜਾਂਦਾ ਹੈ। ਸੰਤ ਆਸਾ ਸਿੰਘ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਬੜਾ ਪ੍ਰੇਮ ਸੀ।। ਆਖਰੀ ਸਮੇਂ ਸੰਤ ਆਸਾ ਸਿੰਘ ਮੰਡੀ ਦਰਸ਼ਨ ਕਰਨ ਗਏ ਅਤੇ ਅਟਲ ਪ੍ਰਤਾਪੀ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਵੀ ਆਪ ਭੈਣੀ ਸਾਹਿਬ ਹੀ ਸਨ। ਆਪ ਨੇ ਸਤਿਗੁਰੂ ਜਗਜੀਤ ਸਿੰਘ ਅਤੇ ਸਤਿਗੁਰੂ ਉਦੈ ਸਿੰਘ ਜੀ ਨੂੰ ਵੀ ਉਸੇ ਸ਼ਰਧਾ ਅਤੇ ਭਗਤੀ ਭਾਵ ਨਾਲ ਮੰਨਿਆ। ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ ਸਾਨੂੰ ਵੀ ਅਜਿਹੇ ਗੁਰਸਿੱਖਾਂ ਵਾਲਾ ਜੀਵਨ ਬਖਸ਼ਣ।

ਹਰਪਾਲ ਸਿੰਘ ਸੇਵਕ ਵਲੋਂ ਸ਼ਰਧਾਂਜਲੀ ਦੇਣ ਉਪਰੰਤ ਸੂਬਾ ਜੀ ਨੇ ਅਰਦਾਸ ਕੀਤੀ। ਸਾਰੀ ਸੰਗਤ ਨੂੰ ਕਲ੍ਹ ਨੂੰ ਅੰਮ੍ਰਿਤ ਵੇਲੇ ਨਾਮ ਸਿਮਰਨ ਜਪ ਪ੍ਰਯੋਗ ਆਰੰਭ ਕਰਨ ਬਾਰੇ ਜਾਣਕਾਰੀ ਦਿੱਤੀ। ਉਪਰੰਤ ਲੰਗਰ ਵਰਤਾਇਆ ਗਿਆ।

# ਸਰੀ (ਕਨੇਡਾ) ਵਿਖੇ ਸਲਾਨਾ ਜਪ ਪ੍ਰਯੋਗ ਆਰੰਭ... (ਬਾਕੀ ਸਫਾ 1 ਦੀ)

ਐਤਵਾਰ ਅੰਮ੍ਰਿਤ ਵੇਲੇ 4 ਵਜੇ ਤੋਂ ਹੀ ਸੰਗਤ ਆਉਣੀ ਸ਼ੁਰੂ ਹੋ ਗਈ ਪਰ ਕਿਉਂਕਿ ਪਹਿਲੇ ਦਿਨ ਸਭ ਨੇ ਅੰਮ੍ਰਿਤ ਛਕਣਾ ਹੁੰਦਾ ਹੈ ਇਸ ਲਈ ਆਰੰਭ ਦੀ ਅਰਦਾਸ ਜੋ 4.30 ਕਰਨੀ ਸੀ 5 ਵਜੇ ਹੋ ਸਕੀ। ਦੇਸੀ ਘਿਓ ਦੀ ਜੋਤ ਜਗਾ ਕੇ, ਪਾਸ ਕੁੰਭ, ਜਲ ਤੇ ਨਾਰੀਅਲ ਰੱਖ ਕੇ, ਮਘਦੇ ਕੋਲੇ ਸਮਗਰੀ (ਧੂਪ, ਦੀਪ, ਕੁੰਭ, ਸੰਯੁਕਤ) ਗੁਰ ਮਰਯਾਦਾ ਅਨੁਸਾਰ ਪਾਸ ਸੋਧ ਦਾ ਕੜਾਹ ਪ੍ਰਸ਼ਾਦ ਰੱਖ ਕੇ ਸੂਬਾ ਜੀ ਨੇ ਆਰੰਭ ਦੀ ਅਰਦਾਸ ਕੀਤੀ। ਨਾਮ ਸਿਮਰਨ ਦੌਰਾਨ ਮਧਮ ਰੌਸ਼ਨੀ ਵਿੱਚ ਸਭ ਸੰਗਤਾਂ ਰਿਸ਼ੀਆਂ ਮੁਨੀਆਂ ਵਾਂਗ ਸਮਾਧੀ ਲੀਨ ਸਨ। ਇਕ ਘੰਟਾ ਨਾਮ ਸਿਮਰਨ ਦੀ ਅਰਦਾਸ ਉਪਰੰਤ ਸੂਬਾ ਜੀ ਨੇ ਰਹਿਤਨਾਮਾ (ਸਤਿਗੁਰੂ ਰਾਮ ਸਿੰਘ ਜੀ) ਦਾ ਪਾਠ ਕੀਤਾ। ਉਪਰੰਤ ਸਰਵ ਸੰਤ ਦਵਿੰਦਰ ਸਿੰਘ, ਅਨੰਤ ਸਿੰਘ, ਅਤਰ ਸਿੰਘ, ਗਿਆਨ ਸਿੰਘ ਨੇ ਢੋਲਕੀ ਛੈਣਿਆਂ ਨਾਲ ਜੋਟੀਆਂ ਦੀ ਰੀਤ ***'ਕੀਰਤ ਪ੍ਰਭੁ ਕੀ ਗਾਉ ਮੇਰੀ ਰਸਨਾ'*** ਸ਼ਬਦ ਪੜ੍ਹਿਆ। ਅਰਦਾਸ ਹੋਈ ਅਤੇ ਸਾਰੀ ਸੰਗਤ ਨੂੰ ਲੰਗਰ ਵਰਤਾਇਆ ਗਿਆ। ਅੱਜ ਦੇ ਮੇਲੇ ਦੀ ਲੰਗਰ ਦੀ ਸੇਵਾ ਸ. ਕੰਵਲਜੀਤ ਸਿੰਘ ਖੰਘੂਰਾ ਪ੍ਰਵਾਰ ਨੇ ਕੀਤੀ।■

Date of Publication: 28/09/2016, Date of Posting: 29-30/09/2016
Posted at PSO New Delhi-110001

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਗੀਤ ਸੰਮੇਲਨ




ਸੰਗੀਤ ਦੀ ਵਿਰਾਸਤ ਨੂੰ ਸ਼ੁਧ ਸਰੂਪ ਵਿੱਚ ਸੰਭਾਲਣ ਵਾਲੇ ਰਾਗੀ ਬਲਵੰਤ ਸਿੰਘ (ਗਾਇਨ) ਹਰਪ੍ਰੀਤ ਸਿੰਘ ਤਬਲਾ, ਦਵਿੰਦਰ ਸਿੰਘ ਹਰਮੋਨੀਅਮ, ਊਦੇ ਸਿੰਘ ਚਾਨਾ (ਤਾਨਪੂਰਾ), ਸ੍ਰੀ ਦਿਲਸ਼ਾਦ ਖਾਂ (ਸਾਰੰਗੀ) ਆਪਣੇ ਸਾਥੀਆਂ ਸਮੇਤ ।




ਬਾਂਸਰੀ ਵਾਦਨ ਪੇਸ਼ ਕਰਦੇ ਪੰਡਤ ਰੋਨੂੰ ਮਜੂਮਦਾਰ, ਪੰਡਤ ਸਪਨ ਚੌਧਰੀ ਤਬਲੇ ਤੇ ਅਤੇ ਤਾਨਪੂਰੇ ਤੇ ਬੀਬੀ ਕਰਤਾਰ ਕੌਰ ।



ਸਰੋਦ ਵਾਦਨ ਪੇਸ਼ ਕਰਦੇ ਸ੍ਰੀ ਅਭਿਸ਼ੇਕ ਲਹਿਰੀ ਜੀ, ਅਤੇ ਤਬਲੇ ਤੇ ਉਸਤਾਦ ਅਕਰਮ ਖਾਂ ।



ਤਬਲਾ ਸੋਲੋ ਪੇਸ਼ ਕਰਦੇ ਪੰਡਤ ਸਪਨ ਚੌਧਰੀ ਅਤੇ ਸਾਰੰਗੀ ਤੇ ਸ੍ਰੀ ਦਿਲਸ਼ਾਦ ਖਾਂ ।



ਸਾਰੰਗੀ ਦੀਆ ਮਧੁਰ ਸੁਰਾਂ ਛੇਡਦੇ ਸ੍ਰੀ ਦਿਲਸ਼ਾਦ ਖਾਂ ਅਤੇ ਤਬਲੇ ਤੇ ਸਾਥ ਦੇ ਰਹੇ ਹਨ ਉਸਤਾਦ ਹਨੀਫ ਖਾਂ ।



ਉਸਤਾਦ ਗੁਰਦੇਵ ਸਿੰਘ ਨਾਲ ਸਰੋਦ ਵਾਦਨ ਤੇ ਆਪ ਦੇ ਹੀ ਸ਼ਗਿਰਦ ਸ੍ਰੀ ਊਦੈ ਸਿੰਘ (ਯੂ.ਕੇ.) ਅਤੇ ਤਬਲੇ ਤੇ ਸੰਗਤ ਕਰ ਰਹੇ ਹਨ ਸ. ਸਰਬਜੀਤ ਸਿੰਘ (ਵੈਨਕੂਵਰ) ।



ਕਨੇਡਾ ਸੰਗੀਤ ਸੰਮੇਲਨ ਦੇ ਸਮਾਪਤ ਸਮੇਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨਾਲ ਉਸਤਾਦ, ਕਲਾਕਾਰ ਅਤੇ ਪ੍ਰਬੰਧਕਾਂ ਦਾ ਗਰੁਪ ਫੋਟੋ ।

Subscriber's Address

Type setting by: CADCON
Designed by : Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 6.13 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6.09 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 28 of 29 September 2016